Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 204 | Thursday, October 22, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਲਿਬਰਲਾਂ ਨੇ ਕਾਮਨਜ਼ ਵਿੱਚ ਭਰੋਸੇ ਦਾ ਵੋਟ ਜਿੱਤਿਆ, ਚੋਣਾਂ ਟਲੀਆਂ



ਓਟਵਾ, 21 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਫੈਡਰਲ ਲਿਬਰਲ ਮਾਇਨੌਰਿਟੀ ਆਖਿਰਕਾਰ ਅਚਨਚੇਤੀ ਚੋਣਾਂ ਟਾਲਣ ਵਿੱਚ ਕਾਮਯਾਬ ਹੋ ਹੀ ਗਏ। ਇਸ ਸਬੰਧ ਵਿੱਚ ਹੋਈ ਵੋਟਿੰਗ ਦੌਰਾਨ 146 ਵੋਟਾਂ ਲਿਬਰਲਾਂ ਦੇ ਹੱਕ ਵਿੱਚ ਪਈਆਂ ਜਦਕਿ 180 ਵੋਟਾਂ ਲਿਬਰਲਾਂ ਦੇ ਖਿਲਾਫ ਪਈਆਂ। ਟਰੂਡੋ ਨੇ ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਮਤੇ ਨੂੰ ਭਰੋਸੇ ਦੇ ਵੋਟ ਦੇ ਬਰਾਬਰ ਦਰਜਾ ਦਿੱਤਾ ਸੀ, ਜਿਸ ਤੋਂ ਭਾਵ ਸੀ ਕਿ ਜੇ ਕਾਮਨਜ਼ ਵਿੱਚ ਇਹ ਮਤਾ ਪਾਸ ਹੋ ਜਾਂਦਾ ਤਾਂ ਇਸ ਨਾਲ ਚੋਣਾਂ ਹੋ ਸਕਦੀਆਂ ਸਨ।

ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵਾਂ ਦਾ ਮੰਨਣਾ ਹੈ ਕਿ ਲਿਬਰਲ ਸਰਕਾਰ ਵੱਲੋਂ ਮਹਾਂਮਾਰੀ ਨਾਲ ਸਬੰਧਤ ਫੰਡ ਆਪਣੇ ਦੋਸਤਾਂ ਦੀ ਝੋਲੀ ਪਾਏ ਗਏ ਹਨ ਤੇ ਇਸ ਸਬੰਧ ਵਿੱਚ ਉਹ ਵੂਈ ਚੈਰਿਟੀ ਮਾਮਲੇ ਦੇ ਨਾਲ ਨਾਲ ਹੋਰਨਾਂ ਮਾਮਲਿਆਂ ਵਿੱਚ ਵੀ ਜਾਂਚ ਵਾਸਤੇ ਹਾਊਸ ਆਫ ਕਾਮਨਜ਼ ਦੀ ਕਮੇਟੀ ਕਾਇਮ ਕਰਨੀ ਚਾਹੁੰਦੇ ਸਨ।

ਇਸ ਸਾਰੇ ਘਟਨਾਕ੍ਰਮ ਦੌਰਾਨ ਐਨਡੀਪੀ ਤੇ ਗ੍ਰੀਨ ਪਾਰਟੀ ਦੇ ਐਮਪੀਜ਼ ਵੱਲੋਂ ਲਿਬਰਲਾਂ ਦਾ ਸਾਥ ਦੇਣ ਦਾ ਫੈਸਲਾ ਕੀਤਾ ਗਿਆ ਤੇ ਕਥਿਤ ਲਿਬਰਲ ਭ੍ਰਿਸ਼ਟਾਚਾਰ ਦੀ ਜਾਂਚ ਲਈ ਨਵੀਂ ਕਮੇਟੀ ਕਾਇਮ ਕਰਨ ਦੇ ਮਤੇ ਨੂੰ ਪਾਸ ਨਹੀਂ ਹੋਣ ਦਿੱਤਾ ਗਿਆ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਐਨਡੀਪੀ ਆਗੂ ਜਗਮੀਤ ਸਿੰਘ ਨੇ ਇਹ ਆਖਿਆ ਸੀ ਕਿ ਉਨ੍ਹਾਂ ਦੀ ਪਾਰਟੀ ਕੋਵਿਡ-19 ਮਹਾਂਮਾਰੀ ਦੌਰਾਨ ਕੈਨੇਡੀਅਨਾਂ ਨੂੰ ਚੋਣਾਂ ਵਿੱਚ ਧੱਕਣ ਲਈ ਟਰੂਡੋ ਨੂੰ ਕੋਈ ਮੌਕਾ ਨਹੀਂ ਦੇਵੇਗੀ। ਉਨ੍ਹਾਂ ਆਖਿਆ ਕਿ ਅਸੀਂ ਕੈਨੇਡੀਅਨਾਂ ਲਈ ਤੇ ਚੋਣਾਂ ਦੇ ਖਿਲਾਫ ਵੋਟ ਕਰ ਰਹੇ ਹਾਂ।

ਨਤੀਜੇ ਆਉਣ ਤੋਂ ਕੁੱਝ ਦੇਰ ਬਾਅਦ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਬਿਆਨ ਜਾਰੀ ਕਰਕੇ ਟਰੂਡੋ ਦੀ ਅਗਵਾਈ ਵਾਲੇ ਲਿਬਰਲਾਂ ਦੀ ਆਲੋਚਨਾ ਕੀਤੀ। ਉਨ੍ਹਾਂ ਆਖਿਆ ਕਿ ਮਹਾਂਮਾਰੀ ਦੇ ਸਬੰਧ ਵਿੱਚ ਟਰੂਡੋ ਸਰਕਾਰ ਦੀ ਮੱਠੀ ਤੇ ਭੰਬਲਭੂਸੇ ਵਾਲੀ ਪ੍ਰਤੀਕਿਰਿਆ ਕਾਰਨ ਕਈ ਕੈਨੇਡੀਅਨ ਪਿੱਛੇ ਰਹਿ ਗਏ ਹਨ ਤੇ ਪ੍ਰਧਾਨ ਮੰਤਰੀ ਹਰ ਕੀਮਤ ਉੱਤੇ ਜਵਾਬਦੇਹੀ ਤੋਂ ਬਚਣਾ ਚਾਹੁੰਦੇ ਹਨ। ਪਰ ਕੈਨੇਡਾ ਦੇ ਕੰਜ਼ਰਵੇਟਿਵ ਉਹ ਕੰਮ ਕਰਨਾ ਜਾਰੀ ਰੱਖਣਗੇ ਜਿਹੜਾ ਕਰਨ ਲਈ ਸਾਡੀ ਚੋਣ ਕੀਤੀ ਗਈ ਹੈ। ਅਸੀਂ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਸਰਕਾਰ ਦੀ ਜਵਾਬਦੇਹੀ ਯਕੀਨੀ ਬਣਾਵਾਂਗੇ।

## ਕੋਵਿਡ-19 ਦੀ ਟੈਸਟਿੰਗ ਲਈ ਸ਼ੁਰੂ ਕੀਤਾ ਅਪੁਆਂਇੰਟਮੈਂਟ ਸਿਸਟਮ ਸਫਲ ਹੁੰਦਾ ਨਜ਼ਰ ਨਹੀਂ ਆ ਰਿਹਾ




ਓਨਟਾਰੀਓ, 21 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਕੋਵਿਡ-19 ਦੀ ਟੈਸਟਿੰਗ ਲਈ ਪਿੱਛੇ ਜਿਹੇ ਅਪੁਆਂਇੰਟਮੈਂਟ ਸਿਸਟਮ ਸ਼ੁਰੂ ਕੀਤਾ ਗਿਆ ਸੀ ਪਰ ਇਹ ਬਹੁਤਾ ਸਫਲ ਹੁੰਦਾ ਨਜ਼ਰ ਨਹੀਂ ਆ ਰਿਹਾ।

ਪੀਲ ਰੀਜਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੋਕ ਟੈਸਟ ਕਰਵਾਉਣ ਲਈ ਬੁਕਿੰਗ ਤਾਂ ਕਰਵਾ ਲੈਂਦੇ ਹਨ ਪਰ ਬਾਅਦ ਵਿੱਚ ਟੈਸਟ ਕਰਵਾਉਣ ਨਹੀਂ ਆਉਂਦੇ। ਇਸ ਨਾਲ ਇਸ ਨਵੇਂ ਸਿਸਟਮ ਉੱਤੇ ਨਕਾਰਾਤਮਕ ਅਸਰ ਪੈ ਰਿਹਾ ਹੈ।

ਪੀਲ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਰੈਂਸ ਲੋਹ ਨੇ ਬੁੱਧਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਰੀਜਨ ਦੇ ਟੈਸਟਿੰਗ ਭਾਈਵਾਲਾਂ ਵੱਲੋਂ ਲੋਕਾਂ ਦੇ ਟੈਸਟ ਕਰਵਾਉਣ ਲਈ ਨਾ ਆਉਣ ਦੇ ਮਾਮਲਿਆਂ ਵਿੱਚ ਹੋਏ ਵਾਧੇ ਦੀ ਰਿਪੋਰਟ ਕੀਤੀ ਹੈ। ਇੱਥੇ ਹੀ ਬੱਸ ਨਹੀਂ ਉਨ੍ਹਾਂ ਵੱਲੋਂ ਲੋਕਾਂ ਨੂੰ ਇਹ ਅਪੀਲ ਵੀ ਕੀਤੀ ਜਾ ਰਹੀ ਹੈ ਕਿ ਉਹ ਜੇ ਬਿਹਤਰ ਮਹਿਸੂਸ ਕਰ ਰਹੇ ਹੋਣ ਜਾਂ ਉਨ੍ਹਾਂ ਨੂੰ ਕੋਈ ਹੋਰ ਕੰਮ ਆ ਪਿਆ ਹੋਵੇ ਤਾਂ ਘੱਟੋ ਘੱਟ ਉਹ ਫੋਨ ਕਰਕੇ ਟੈਸਟ ਕੈਂਸਲ ਜ਼ਰੂਰ ਕਰਵਾ ਦੇਣ।

ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਕੋਵਿਡ-19 ਦੀ ਬੁਕਿੰਗ ਵਿੱਚ ਦਿੱਕਤਾਂ ਆਉਣ ਦੀ ਸ਼ਿਕਾਇਤ ਕਰਨ ਵਾਲੇ ਉਨ੍ਹਾਂ ਬਰੈਂਪਟਨ ਵਾਸੀਆਂ ਨਾਂਲ ਉਨ੍ਹਾਂ ਵੱਲੋਂ ਗੱਲ ਕੀਤੀ ਗਈ ਹੈ। ਟੈਸਟਾਂ ਦੀ ਮੰਗ ਉਸ ਸਮੇਂ ਵਧੀ ਜਦੋਂ ਸਤੰਬਰ ਵਿੱਚ ਅਜਿਹੇ ਮਾਮਲਿਆਂ ਵਿੱਚ ਕਾਫੀ ਵਾਧਾ ਹੋਣਾ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਪ੍ਰੋਵਿੰਸ ਵੱਲੋਂ ਵਾਕ ਇਨ ਟੈਸਟਿੰਗ ਦੀ ਥਾਂ ਉੱਤੇ ਅਪੁਆਇੰਟਮੈਂਟ ਅਧਾਰਿਤ ਟੈਸਟਿੰਗ ਸ਼ੁਰੂ ਕੀਤੀ ਗਈ। ਪ੍ਰੋਵਿੰਸ਼ੀਅਲ ਸਰਕਾਰ ਅਨੁਸਾਰ ਇਸ ਦਾ ਮੁੱਖ ਟੀਚਾ ਸਿਸਟਮ ਨੂੰ ਸਟਰੀਮਲਾਈਨ ਕਰਨਾ ਤੇ ਟੈਸਟਿੰਗ ਸਬੰਧੀ ਬੈਕਲਾਗ ਖਤਮ ਕਰਨਾ ਸੀ।

## ਮੰਤਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਪ੍ਰੀਮੀਅਰ ਕੇਨੀ ਹੋਏ ਆਈਸੋਲੇਟ



ਐਡਮੰਟਨ, 21 ਅਕਤੂਬਰ (ਪੋਸਟ ਬਿਊਰੋ) : ਅਲਬਰਟਾ ਦੀ ਮਿਊਂਸਪਲ ਅਫੇਅਰਜ਼ ਮੰਤਰੀ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਅਲਬਰਨਾ ਦੇ ਪ੍ਰੀਮੀਅਰ ਜੇਸਨ ਕੇਨੀ ਆਪਣੇ ਘਰ ਵਿੱਚ ਆਈਸੋਲੇਟ ਹੋ ਗਏ ਹਨ।

ਕੇਨੀ ਦੇ ਬੁਲਾਰੇ ਨੇ ਆਖਿਆ ਕਿ ਮਿਊਂਸਪਲ ਅਫੇਅਰਜ਼ ਮੰਤਰੀ ਟਰੇਸੀ ਐਲਰਡ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਬੁੱਧਵਾਰ ਦੁਪਹਿਰ ਨੂੰ ਕੇਨੀ ਨੇ ਸੈਲਫ ਆਈਸੋਲੇਸ਼ਨ ਦਾ ਫੈਸਲਾ ਲਿਆ। ਇਸ ਤੋਂ ਠੀਕ ਪਹਿਲਾਂ ਕੇਨੀ ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਸਵਾਲਾਂ ਦੇ ਜਵਾਬ ਦੇ ਰਹੇ ਸਨ। ਉਨ੍ਹਾਂ ਦੇ ਡਿਪਟੀ ਪ੍ਰੈੱਸ ਸਕੱਤਰ ਹੈਰੀਸਨ ਫਲੇਮਿੰਗ ਨੇ ਇੱਕ ਬਿਆਨ ਵਿੱਚ ਆਖਿਆ ਕਿ ਕਿਸੇ ਤਰ੍ਹਾਂ ਦੇ ਲੱਛਣ ਨਜ਼ਰ ਨਾ ਆਉਣ ਦੇ ਬਾਵਜੂਦ ਪ੍ਰੀਮੀਅਰ ਵੱਲੋਂ ਅਹਿਤਿਆਤਨ ਟੈਸਟ ਆਦਿ ਕਰਵਾਏ ਜਾ ਰਹੇ ਹਨ।

ਫਲੇਮਿੰਗ ਨੇ ਆਖਿਆ ਕਿ ਐਲਰਡ ਵੀਕੈਂਡ ਤੋਂ ਹੀ ਆਈਸੋਲੇਸ਼ਨ ਵਿੱਚ ਸੀ ਕਿਉਂਕਿ ਉਨ੍ਹਾਂ ਦਾ ਕੋਈ ਨਜ਼ਦੀਕੀ ਪਾਜ਼ੀਟਿਵ ਆ ਗਿਆ ਸੀ। ਜਦੋਂ ਐਲਰਡ ਦਾ ਟੈਸਟ ਪਾਜ਼ੀਟਿਵ ਆਇਆ ਉਸੇ ਵੇਲੇ ਹੀ ਕੇਨੀ ਵੀ ਸੈਲਫ ਆਈਸੋਲੇਸ਼ਨ ਵਿੱਚ ਚਲੇ ਗਏ। ਐਲਰਡ ਦੇ ਸੰਪਰਕ ਵਿੱਚ ਆਉਣ ਵਾਲੇ ਹੋਰਨਾਂ ਲੋਕਾਂ ਨੂੰ ਵੀ ਆਈਸੋਲੇਟ ਹੋਣ ਤੇ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ।

## ਬੱਚੀ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਸਵਾਮੀ ਨੂੰ ਪੁਲਿਸ ਨੇ ਕੀਤਾ ਚਾਰਜ



ਟੋਰਾਂਟੋ, 21 ਅਕਤੂਬਰ (ਪੋਸਟ ਬਿਊਰੋ) : 1994 ਤੇ 1997 ਦਰਮਿਆਨ ਇੱਕ ਲੜਕੀ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਧਾਰਮਿਕ ਆਗੂ ਨੂੰ ਟੋਰਾਂਟੋ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ।

ਬੁੱਧਵਾਰ ਨੂੰ ਪ੍ਰਕਾਸ਼ਿਤ ਹੋਈ ਇੱਕ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਇਹ ਲੜਕੀ ਕਈ ਸਾਲਾਂ ਤੱਕ ਆਪਣੇ ਪਰਿਵਾਰ ਨਾਲ ਇਟੋਬੀਕੋ ਵਿੱਚ 2107 ਕੋਡਲਿਨ ਕ੍ਰੀਸੈਂਟ ਉੱਤੇ ਸਥਿਤ ਭਾਰਤ ਸੇਵਾਸਰਮ ਸੰਘ ਕੈਨੇਡਾ ਟੈਂਪਲ ਆਉਂਦੀ ਰਹੀ। ਪੁਲਿਸ ਨੇ ਆਖਿਆ ਕਿ ਪਹਿਲੀ ਜੂਨ, 1994 ਤੇ 31 ਦਸੰਬਰ, 1997 ਦਰਮਿਆਨ ਇਸ ਟੈਂਪਲ ਦੇ ਸਵਾਮੀ ਵੱਲੋਂ ਕਈ ਵਾਰੀ ਇਸ ਲੜਕੀ ਉੱਤੇ ਜਿਨਸੀ ਹਮਲਾ ਕੀਤਾ ਗਿਆ।

ਜਦੋਂ ਇਸ ਬੱਚੀ ਉੱਤੇ ਇਹ ਜਿਨਸੀ ਹਮਲੇ ਹੋਏ ਉਸ ਸਮੇਂ ਉਸ ਦੀ ਉਮਰ 8 ਤੇ 11 ਸਾਲਾਂ ਵਿਚਾਲੇ ਰਹੀ ਹੋਵੇਗੀ ਤੇ ਉਸ ਸਮੇਂ ਸਵਾਮੀ 42 ਤੋਂ 47 ਸਾਲਾਂ ਵਿਚਾਲੇ ਹੋਵੇਗਾ। ਟੋਰਾਂਟੋ ਦੇ ਸਵਾਮੀ ਪੁਸ਼ਕਰਨੰਦ ਨੂੰ ਇਸ ਸਬੰਧ ਵਿੱਚ ਮੰਗਲਵਾਰ ਨੂੰ ਗ੍ਰਿਫਤਾਰ ਕੀਤਾ ਗਿਆ। 68 ਸਾਲਾ ਸਵਾਮੀ ਨੂੰ ਜਿਨਸੀ ਹਮਲਾ ਕਰਨ ਤੇ ਬੱਚੀ ਦਾ ਜਿਨਸੀ ਸ਼ੋਸ਼ਣ ਕਰਨ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

## ਛਾਪੇ ਦੌਰਾਨ ਗ੍ਰਿਫਤਾਰ ਅੱਠ ਮਸ਼ਕੂਕਾਂ ਵਿੱਚ ਤਿੰਨ ਟੀਨੇਜਰ ਸ਼ਾਮਲ



ਟੋਰਾਂਟੋ, 21 ਅਕਤੂਬਰ (ਪੋਸਟ ਬਿਊਰੋ) : ਡੌਨ ਮਿਲਜ਼ ਏਰੀਆ ਵਿੱਚ ਮਾਰੇ ਗਏ ਛਾਪੇ ਦੌਰਾਨ ਪੁਲਿਸ ਅਧਿਕਾਰੀਆਂ ਉੱਤੇ ਗੋਲੀਆਂ ਚਲਾਉਣ ਦੇ ਮਾਮਲੇ ਵਿੱਚ 53 ਚਾਰਜਿਜ਼ ਦਾ ਸਾਹਮਣਾ ਕਰ ਰਹੇ ਅੱਠ ਮਸ਼ਕੂਕਾਂ ਵਿੱਚ ਤਿੰਨ ਟੀਨੇਜਰਜ਼ ਵੀ ਸ਼ਾਮਲ ਹਨ।

ਪੁਲਿਸ ਨੇ ਦੱਸਿਆ ਕਿ ਐਮਰਜੰਸੀ ਟਾਸਕ ਫੋਰਸ ਦੇ ਅਧਿਕਾਰੀਆਂ ਵੱਲੋਂ ਬੁੱਧਵਾਰ ਨੂੰ ਰਾਤੀਂ 12:30 ਵਜੇ ਦੇ ਨੇੜੇ ਤੇੜੇ ਲਾਅਰੈਂਸ ਐਵਨਿਊ ਈਸਟ ਨੇੜੇ ਦ ਡੌਨਵੇਅ ਦੇ ਇੱਕ ਅਪਾਰਟਮੈਂਟ ਦੀ ਤਲਾਸ਼ੀ ਲੈਣ ਲਈ ਸਰਚ ਵਾਰੰਟ ਦਾ ਸਹਾਰਾ ਲਿਆ। ਸੱਤਵੀਂ ਮੰਜ਼ਿਲ ਉੱਤੇ ਸਥਿਤ ਇਸ ਅਪਾਰਟਮੈਂਟ ਵਿੱਚ ਜਿਵੇਂ ਹੀ ਅਧਿਕਾਰੀ ਦਾਖਲ ਹੋਏ ਤਾਂ ਕਥਿਤ ਤੌਰ ਉੱਤੇ ਅਪਾਰਟਮੈਂਟ ਦੇ ਅੰਦਰ ਮੌਜੂਦ ਵਿਅਕਤੀਆਂ ਨੇ ਉਨ੍ਹਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਦੇ ਅਧਿਕਾਰੀਆਂ ਵੱਲੋਂ ਜਵਾਬੀ ਗੋਲੀਆਂ ਨਹੀਂ ਚਲਾਈਆਂ ਗਈਆਂ, ਸਗੋਂ ਯੂਨਿਟ ਓਨਾ ਚਿਰ ਪਿੱਛੇ ਹੀ ਰਹੀ ਜਿੰਨਾ ਚਿਰ ਗੋਲੀਆਂ ਚੱਲਣੀਆਂ ਬੰਦ ਨਹੀਂ ਹੋ ਗਈਆਂ। ਸਰਚ ਵਾਰੰਟ ...ਬਾਕੀ ਪੰਨਾ 3 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇਇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

You can Place Your Business Here To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਸਕੂਲ ਵਿੱਚ ਸ਼ੂਟਿੰਗ ਕਰਨ ਦੀ ਧਮਕੀ ਦੇਣ ਵਾਲਾ ਵਿਅਕਤੀ ਗ੍ਰਿਫਤਾਰ

ਟੋਰਾਂਟੋ, 21 ਅਕਤੂਬਰ (ਪੋਸਟ ਬਿਊਰੋ) : ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇੱਕ 28 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ ਜਿਸ ਨੇ ਟੋਰਾਂਟੋ ਦੇ ਇੱਕ ਸਕੂਲ ਵਿੱਚ ਸ਼ੂਟਿੰਗ ਕਰਨ ਦੀ ਧਮਕੀ ਦਿੱਤੀ ਸੀ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਸ਼ਕੂਕ ਸ਼ੁੱਕਰਵਾਰ ਸਵੇਰੇ ਆਨਲਾਈਨ ਚੈਟ ਉੱਤੇ ਦੂਜੇ ਵਿਅਕਤੀ ਨੂੰ ਇਹ ਆਖ ਰਿਹਾ ਸੀ ਕਿ



ਉਸ ਕੋਲ ਗੰਨ ਹੈ ਤੇ ਉਹ ਕਿਸੇ ਸਕੂਲ ਵਿੱਚ ਸ਼ੂਟਿੰਗ ਕਰਨੀ ਚਾਹੁੰਦਾ ਹੈ। ਬੁੱਧਵਾਰ ਨੂੰ ਪੁਲਿਸ ਨੇ ਹੈਮਿਲਟਨ ਦੇ 28 ਸਾਲਾ ਟਾਇਗਰ ਐਲਨ ਕੈਂਪਬੈਲ ਨੂੰ ਗ੍ਰਿਫਤਾਰ ਕੀਤਾ ਹੈ।

ਉਸ ਉੱਤੇ ਧਮਕੀਆਂ ਦੇਣ, ਅੱਤਵਾਦੀ ਗਤੀਵਿਧੀਆਂ ਸਬੰਧੀ ਅਫਵਾਹ ਫੈਲਾਉਣ ਤੇ ਹਥਿਆਰ ਰੱਖਣ ਵਰਗੇ ਕਈ ਚਾਰਜਿਜ਼ ਲਾਏ ਗਏ ਹਨ। ਕੈਂਪਬੈਲ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਨੌਰਥ ਯੌਰਕ ਵਿੱਚ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 21 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਕੱਲ੍ਹ ਰਾਤ ਨੌਰਥ ਯੌਰਕ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਦੀ ਜਾਂਚ ਕਰ ਰਹੀ ਹੈ।

ਸ਼ਾਮੀਂ 7:30 ਵਜੇ ਪੁਲਿਸ ਨੂੰ ਬਰੁੱਕਬੈਂਕਸ ਡਰਾਈਵ ਤੇ ਵੈਲੀ ਵੁੱਡਜ਼ ਰੋਡ ਇਲਾਕੇ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੂੰ ਡੀਵੀਪੀ ਤੇ ਯੌਰਕ ਮਿੱਲਜ਼ ਕੋਲ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਵਿਅਕਤੀ ਉੱਤੇ ਤੇਜ਼ ਧਾਰ ਹਥਿਆਰਾਂ ਨਾਲ ਵਾਰ ਕੀਤੇ ਗਏ ਸਨ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ।




ਇਹ ਵਿਅਕਤੀ ਭਾਵੇਂ ਟੀਟੀਸੀ ਦੀ ਬੱਸ ਉੱਤੇ ਜ਼ਖ਼ਮੀ ਹਾਲਤ ਵਿੱਚ ਮਿਲਿਆ ਪਰ ਉਸ ਉੱਤੇ ਬੱਸ ਵਿੱਚ ਹਮਲਾ ਨਹੀਂ ਕੀਤਾ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਗੱਡੀ ਖੰਭੇ ਨਾਲ ਟਕਰਾਉਣ ਕਾਰਨ ਮਹਿਲਾ ਦੀ ਹੋਈ ਮੌਤ

ਸਕਾਰਬੌਰੋ, 21 ਅਕਤੂਬਰ (ਪੋਸਟ ਬਿਊਰੋ) : ਰਾਤ ਸਮੇਂ ਸ਼ਹਿਰ ਦੇ ਪੂਰਬ ਵਿੱਚ ਹੋਏ ਹਾਦਸੇ ਵਿੱਚ ਇੱਕ 50 ਸਾਲਾ ਮਹਿਲਾ ਦੀ ਮੌਤ ਹੋ ਗਈ.

ਕੈਨੇਡੀ ਰੋਡ ਤੇ ਸ਼ੈਪਰਡ ਐਵਨਿਊ ਈਸਟ ਉੱਤੇ ਬੁੱਧਵਾਰ ਰਾਤੀਂ 12:08 ਉੱਤੇ ਹੋਏ ਹਾਦਸੇ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ. 2009 ਮਾਡਲ ਦੀ ਸਿਲਵਰ ਰੰਗ ਦੀ ਹਿਊਂਡਾਇ ਸੜਕ ਤੋਂ ਉਤਰ ਕੇ ਖੰਭੇ




ਨਾਲ ਜਾ ਟਕਰਾਈ. ਹਾਦਸੇ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ ਹੈ.

ਗੱਡੀ ਚਲਾ ਰਹੀ ਇਸ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ. ਟੋਰਾਂਟੋ ਵਿੱਚ ਸਾਲ 2020 ਵਿੱਚ ਟਰੈਫਿਕ ਨਾਲ ਸਬੰਧਤ ਹੋਈ ਇਹ 29ਵੀਂ ਮੌਤ ਹੈ.

# ਕੋਵਿਡ-19 ਕਾਰਨ ਰੱਦ ਹੋਈਆਂ ਉਡਾਨਾਂ ਲਈ ਰੀਫੰਡ ਕਰੇਗੀ ਵੈਸਟਜੈੱਟ



ਕੈਲਗਰੀ, 21 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਨਤੀਜੇ ਵਜੋਂ ਰੱਦ ਹੋਈਆਂ ਉਡਾਨਾਂ ਲਈ ਵੈਸਟਜੈੱਟ ਵੱਲੋਂ ਰੀਫੰਡ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਕੰਪਨੀ ਅਜਿਹੀ ਪਹਿਲੀ ਏਅਰਲਾਈਨ ਹੈ ਜਿਹੜੀ ਆਪਣੀਆਂ ਸਾਰੀਆਂ ਰੱਦ ਹੋਈਆਂ ਉਡਾਨਾਂ ਲਈ ਰੀਫੰਡ ਕਰ ਰਹੀ ਹੈ। ਇਸ ਤੋਂ ਪਹਿਲਾਂ ਏਅਰਲਾਈਨ ਵੱਲੋਂ ਕੁੱਝ ਚੋਣਵੀਆਂ ਉਡਾਨਾਂ ਉੱਤੇ ਹੀ ਰੀਫੰਡ ਦੀ ਪੇਸ਼ਕਸ਼ ਕੀਤੀ ਗਈ ਸੀ। ਏਅਰਲਾਈਨ ਆਪਣੀਆਂ ਰੱਦ ਹੋਈਆਂ ਉਡਾਨਾਂ ਲਈ ਭਵਿੱਖ ਵਿੱਚ ਫਲਾਈਟ ਕ੍ਰੈਡਿਟ ਦੇਣ ਲਈ ਹੀ ਰਾਜ਼ੀ ਸੀ।

2 ਨਵੰਬਰ ਤੋਂ ਸ਼ੁਰੂ ਕਰਕੇ ਏਅਰਲਾਈਨ ਵੱਲੋਂ ਸਾਰੀਆਂ ਯੋਗ ਬੇਨਤੀਆਂ ਉੱਤੇ ਫੈਸਲਾ ਲਿਆ ਜਾਵੇਗਾ। ਏਅਰਲਾਈਨ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੂੰ ਪ੍ਰਸ਼ਾਸਕੀ ਬੈਕਲਾਗ ਦੀ ਸੰਭਾਵਨਾ ਹੈ। ਕੰਪਨੀ ਦਾ ਕਹਿਣਾ ਹੈ ਕਿ ਇਹ ਰੀਫੰਡ ਸਵੂਪ ਵੱਲੋਂ ਰੱਦ ਉਡਾਨਾਂ ਲਈ ਵੀ ਅਪਲਾਈ ਕੀਤੇ ਜਾ ਸਕਦੇ ਹਨ।

ਏਅਰਲਾਈਨ ਨੇ ਆਖਿਆ ਕਿ 72 ਦਿਨਾਂ ਤੱਕ ਸਾਰੀਆਂ ਉਡਾਨਾਂ ਹੀ ਰੱਦ ਹੁੰਦੀਆਂ ਰਹੀਆਂ ਤੇ ਇਤਿਹਾਸ ਵਿੱਚ ਅਜਿਹਾ ਪਹਿਲਾਂ ਕਦੇ ਵੇਖਣ ਨੂੰ ਨਹੀਂ ਮਿਲਿਆ। ਵੈਸਟਜੈੱਟ ਦੇ ਸੀਈਓ ਐੱਡ ਸਿਮਜ਼ ਨੇ ਆਖਿਆ ਕਿ ਕੰਪਨੀ ਨੇ ਜਨਤਾ ਦੀ ਗੱਲ ਸੁਣਨ ਨੂੰ ਤਰਜੀਹ ਦਿੱਤੀ ਹੈ।

# ਛਾਪੇ ਦੌਰਾਨ ਗ੍ਰਿਫਤਾਰ ਅੱਠ ਮਸ਼ਕੂਕਾਂ ਵਿੱਚ ਤਿੰਨ ਟੀਨੇਜਰ ਸ਼ਾਮਲ

...ਪੰਨਾ 1 ਦਾ ਬਾਕੀ

ਦੌਰਾਨ ਦੋ ਹਥਿਆਰ ਬਰਾਮਦ ਹੋਏ। ਇਸ ਦੌਰਾਨ ਟੋਰਾਂਟੋ ਦੇ ਤਫਾਰੀ ਗ੍ਰੀਨ, ਕ੍ਰਿਸਟੀਅਨ ਲੋਪੇਜ਼ ਕਾਰਟਰ ਤੇ ਜਾਹਮਾਰਲੇ ਸਮਿੱਥ (ਸਾਰਿਆਂ ਦੀ ਉਮਰ 19 ਸਾਲਾ) ਨੂੰ ਹਥਿਆਰਾਂ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ। ਇਸ ਦੌਰਾਨ ਟੋਰਾਂਟੋ ਦੀ 40 ਸਾਲਾ ਸਬਰੀਨਾ ਕਾਰਪੀਨੋ ਵੀ ਹਥਿਆਰਾਂ ਨਾਲ ਸਬੰਧਤ ਸੱਤ ਚਾਰਜਿਜ਼ ਦਾ ਸਾਹਮਣਾ ਕਰ ਰਹੀ ਹੈ।

ਟੋਰਾਂਟੋ ਦੇ ਤਿੰਨ ਟੀਨੇਜਰਜ਼ 14 ਤੇ 15 ਸਾਲਾ ਲੜਕੇ ਤੇ 16 ਸਾਲਾਂ ਦੀਆਂ ਦੋ ਲੜਕੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। 14 ਤੇ 15 ਸਾਲਾਂ ਦੇ ਟੀਨੇਜਰਜ਼ ਨੂੰ ਹਥਿਆਰਾਂ ਨਾਲ ਸਬੰਧਤ ਸੱਤ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਦਕਿ 16 ਸਾਲਾ ਲੜਕੀ ਨੂੰ ਹਥਿਆਰਾਂ ਨਾਲ ਸਬੰਧਤ ਛੇ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪ੍ਰੋਵਿੰਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਵੱਲੋਂ ਜਾਂਚ ਆਪਣੇ ਹੱਥ ਲੈ ਲਈ ਗਈ ਹੈ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦੋ ਬਾਲਗਾਂ ਨੂੰ ਲੋਕਲ ਹਸਪਤਾਲ ਦਾਖਲ ਕਰਵਾਇਆ ਗਿਆ। ਇਸ ਦੌਰਾਨ ਇੱਕ 19 ਸਾਲਾ ਵਿਅਕਤੀ ਵੀ ਜ਼ਖ਼ਮੀ ਹੋ ਗਿਆ।

# ਟਰੰਪ ਸਰਕਾਰ ਦੇ ਐਚ1-ਬੀ ਵੀਜ਼ਾ ਬਾਰੇ ਨਵੇਂ ਨਿਯਮਾਂ ਨੂੰ ਚੁਣੌਤੀ

ਵਾਸ਼ਿੰਗਟਨ, 21 ਅਕਤੂਬਰ (ਪੋਸਟ ਬਿਊਰੋ)- ਯੂ ਐਸ ਚੈਂਬਰਜ਼ ਆਫ ਕਾਮਰਸ ਅਤੇ ਨੈਸ਼ਨਲ ਐਸੋਸੀਏਸ਼ਨ ਆਫ ਮੈਨੂਫੈਕਚਰਰਜ਼ ਸਣੇ ਕਈ ਸੰਗਠਨਾ ਨੇ ਟਰੰਪ ਪ੍ਰਸ਼ਾਸਨ ਦੇ ਐਚ1-ਬੀ ਵੀਜ਼ਾ ਬਾਰੇ ਨਵੇਂ ਨਿਯਮਾਂ ਖਿਲਾਫ ਅਦਾਲਤ ਤੱਕ ਪਹੁੰਚ ਕੀਤੀ ਹੈ। ਇਨ੍ਹਾਂ ਜਥੇਬੰਦੀਆਂ ਨੇ ਨਵੇਂ ਨਿਯਮਾਂ ਨੂੰ ਮਨਮਾਨੇ ਅਤੇ ਬੇਤਰਤੀਬੇ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ ਅਮਰੀਕਾ ਵਿੱਚ ਹੁਨਰਮੰਦ ਪਰਵਾਸ ਨੂੰ ਕਮਜ਼ੋਰ ਕਰਨਗੇ।

ਇਸ ਮਹੀਨੇ ਦੇ ਸ਼ੁਰੂ ਵਿੱਚ ਟਰੰਪ ਪ੍ਰਸ਼ਾਸਨ ਨੇ ਐਚ1-ਬੀ ਗੈਰ ਪਰਵਾਸੀ ਵੀਜ਼ਾ ਪ੍ਰੋਗਰਾਮ ’ਤੇ ਕਈ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਸੀ, ਜਿਸ ਬਾਰੇ ਕਿਹਾ ਗਿਆ ਸੀ ਕਿ ਇਹ ਅਮਰੀਕੀ ਕਾਮਿਆਂ ਦੀ ਰੱਖਿਆ ਕਰਨ, ਉਨ੍ਹਾਂ ਦੀ ਇਮਾਨਦਾਰੀ ਵਿੱਚ ਭਰੋਸਾ ਪ੍ਰਗਟਾਉਣ ਅਤੇ ਐਚ1-ਬੀ ਪਟੀਸ਼ਨਾਂ ਕੇਵਲ ਯੋਗ ਲਾਭ ਪਾਤਰੀਆਂ ਤੇ ਪਟੀਸ਼ਨਰਾਂ ਲਈ ਯਕੀਨੀ ਬਣਾਉਣ ਖਾਤਰ ਕੀਤਾ ਗਿਆ ਹੈ। ਇਸ ਕਦਮ ਨਾਲ ਹਜ਼ਾਰਾਂ ਭਾਰਤੀ ਆਈ ਟੀ ਪ੍ਰੋਫੈਸ਼ਨਲ ਪ੍ਰਭਾਵਿਤ ਹੋਣਗੇ। ਇਨ੍ਹਾਂ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਜੇਕਰ ਐਚ1-ਬੀ ਵੀਜ਼ਿਆਂ ਸਬੰਧੀ ਨੁਕਸਾਨ ਦਾਇਕ ਅਤੇ ਬੇਤਰਤੀਬੇ ਨਿਯਮਾਂ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਅਮਰੀਕਾ ਆਧਾਰਤ ਹਜ਼ਾਰਾਂ ਕਾਮੇ ਪ੍ਰਭਾਵਿਤ ਹੋਣਗੇ ਤੇ ਉਤਪਾਦਕਾਂ ਦੀ ਬੇਹੱਦ ਹੁਨਰਮੰਦ ਕਾਮਿਆਂ ਦੀ ਭਰਤੀ ਦੀ ਸਮਰੱਥਾ ’ਤੇ ਮਾੜਾ ਅਸਰ ਪਾਉਣਗੇ। ਅਮਰੀਕਾ ਦੇ ਲੇਬਰ ਵਿਭਾਗ ਦੇ ਐਚ1-ਬੀ ਵੀਜ਼ਿਆਂ ਦੁ ਤਾਜ਼ਾ ਨਿਯਮਾਂ ਨੂੰ ਅਦਾਲਤੀ ਚੁਣੌਤੀ ਦੇ ਰਹੀਆਂ ਜਥੇਬੰਦੀਆਂ ਵਿੱਚ ਯੂਨੀਵਰਸਿਟੀਆਂ ਅਤੇ ਕਾਰੋਬਾਰੀ ਵੀ ਸ਼ਾਮਲ ਹਨ।

# ਪੰਜਾਬ ਅਸੈਂਬਲੀ ਦੇ ਵਿਸ਼ੇਸ਼ ਸੈਸ਼ਨ ਵਿੱਚ ਸੱਤ ਅਹਿਮ ਬਿੱਲ ਪਾਸ

ਚੰਡੀਗੜ੍ਹ, 21 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਨੇ ਆਪਣੇ ਵਿਸ਼ੇਸ਼ ਅਜਲਾਸ ਦੇ ਆਖਰੀ ਦਿਨ ਅੱਜ ਬੁੱਧਵਾਰ ਨੂੰ ਸੱਤ ਬੜੇਅਹਿਮ ਬਿੱਲ ਪਾਸ ਕੀਤੇ ਹਨ। ਇਨ੍ਹਾਂ ਵਿੱਚ ‘ਪੰਜਾਬ ਭੌਂਡੇਦਾਰ, ਬੂਟੇਮਾਰ, ਡੋਹਲੀਦਾਰ, ਇਨਸਾਰ ਮਿਆਦੀ, ਮੁਕੱਰਰੀਦਾਰ, ਮੰਢੀਮਾਰ, ਪਨਾਹੀ ਕਦੀਮ, ਸੌਂਜੀਦਾਰ ਜਾਂ ਤਾਰਦਾਦਕਰ (ਮਾਲਕੀ ਹੱਕ ਦੇਣ) ਵਾਸਤੇ ਬਿੱਲ, ਪੰਜਾਬ ਰਾਜ ਵਿਜੀਲੈਂਸ ਕਮਿਸ਼ਨ ਬਿੱਲ, ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿੱਲ, ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪੋਟੈਟੋ ਬਿੱਲ, ਪੰਜਾਬ ਲੈਂਡ ਰੈਵੇਨਿਊ (ਸੋਧ) ਬਿੱਲ, ਪੰਜਾਬ (ਛੋਟੇ ਤੇ ਸੀਮਾਂਤ ਕਿਸਾਨਾਂ ਦੀ ਭਲਾਈ ਅਤੇ ਬੰਦੋਬਸਤ) ਅਲਾਟਮੈਂਟ ਆਫ ਸਟੇਟ ਗਵਰਨਮੈਂਟ ਲੈਂਡ ਬਿੱਲ ਅਤੇ ਫੈਕਟਰੀ (ਪੰਜਾਬ ਸੋਧ) ਬਿੱਲ ਸ਼ਾਮਲ ਹਨ।

ਅੱਜ ਦੇ ਸੈਸ਼ਨ ਦੌਰਾਨਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਰਾਜ ਵਿਜੀਲੈਂਸ ਕਮਿਸ਼ਨ ਬਿੱਲ ਪੇਸ਼ ਕੀਤਾ। ਇਸ ਬਹੁ-ਮੈਂਬਰੀ ਕਮਿਸ਼ਨ ਨੂੰ ਬਣਾਉਣ ਦਾ ਉਦੇਸ਼ ਸਰਕਾਰੀ ਮੁਲਾਜ਼ਮਾਂ ਦੇ ਕੰਮਾਂ ਦੀ ਹੋਰ ਪਾਰਦਰਸ਼ਤਾ ਲਿਆ ਕੇ ਭ੍ਰਿਸ਼ਟਾਚਾਰ ਰੋਕਣਾ ਹੈ। ਵਿਜੀਲੈਂਸ ਬਿਊਰੋ ਤੇ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੇ ਕੰਮਾਂ ਦੀ ਨਿਗਰਾਨੀ ਲਈ ਇਹ ਕਮਿਸ਼ਨ ਆਜ਼ਾਦ ਸੰਸਥਾ ਵਜੋਂ ਕੰਮ ਕਰੇਗਾਤਾਂ ਜੋ ਬੇਦਾਗ਼, ਨਿਰਪੱਖ ਅਤੇ ਪਾਰਦਰਸ਼ੀ ਰਾਜ ਚਲਾਇਆ ਜਾ ਸਕੇ। ਇਹ ਕਮਿਸ਼ਨ ਵਿਜੀਲੈਂਸ ਬਿਊਰੋ ਦੇ ਪੜਤਾਲੇ ਹੋਏ ਕੇਸਾਂ ਦੀ ਪ੍ਰਗਤੀ ਤੇ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿਚ ਪ੍ਰਵਾਨਗੀ ਲਈ ਪੈਂਡਿੰਗ ਕੇਸਾਂ ਦੀ ਘੋਖ ਕਰੇਗਾ ਅਤੇਵੱਖ-ਵੱਖ ਵਿਭਾਗਾਂ ਨੂੰ ਸਲਾਹ ਦੇਣ ਦੇ ਨਾਲ ਵਿਜੀਲੈਂਸ



ਕੇਸਾਂਦੀ ਹੋਰ ਜਾਂਚ ਕਰੇਗਾ। ਇਸ ਕਮਿਸ਼ਨ ਨੂੰ ਵਿਜੀਲੈਂਸ ਬਿਊਰੋ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਿਰਦੇਸ਼ ਦੇਣ ਦਾ ਅਧਿਕਾਰ ਵੀ ਹੋਵੇਗਾ ਤੇ ਸਰਕਾਰੀ ਮੁਲਾਜ਼ਮਾਂ ਉੱਤੇ ਭ੍ਰਿਸ਼ਟਾਚਾਰ ਰੋਕੂ ਐਕਟ ਅਤੇ ਹੋਰ ਅਪਰਾਧਾਂ ਬਾਰੇ ਜਾਂਚ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ।

ਦੂਸਰਾ ਬਿੱਲ ਪੰਜਾਬ ਭੌਂਡੇਦਾਰ, ਬੂਟੇਮਾਰ, ਡੋਹਲੀਦਾਰ, ਇਨਸਾਰ ਮਿਆਦੀ, ਮੁਕੱਰਰੀਦਾਰ, ਮੰਢੀਮਾਰ, ਪਨਾਹ ਕਦਮੀ, ਸੌਂਜੀਦਾਰ (ਮਾਲਕੀ ਹੱਕ ਦੇਣ) ਦਾ ਬਿੱਲ ਪੇਸ਼ ਕਰਦਿਆਂ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਦੱਸਿਆ ਕਿ ਇਸ ਦਾ ਉਦੇਸ਼ ਵਿਸ਼ੇਸ਼ ਸ਼੍ਰੇਣੀਆਂ ਨੂੰ ਜ਼ਮੀਨ ਦੇ ਮਾਲਕੀ ਹੱਕ ਦੇਣਾ ਹੈ, ਜੋ ਮਾਲ ਰਿਕਾਰਡ ਵਿਚ ਭੌਂਡੇਦਾਰ, ਬੂਟੇਮਾਰ, ਡੋਹਲੀਦਾਰ, ਇਨਸਾਰ ਮਿਆਦੀ, ਮੁਕੱਰਰੀਦਾਰ, ਮੰਢੀਮਾਰ, ਪਨਾਹ ਕਦਮੀ ਅਤੇ ਸੌਂਜੀਦਾਰ ਵਜੋਂ ਦਰਜ ਹਨ ਅਤੇ ਇੱਕ ਜਨਵਰੀ 2020 ਨੂੰ ਘੱਟੋ-ਘੱਟ 20 ਸਾਲਾਂ ਤੋਂ ਕਾਬਜ਼ ਹੋਣ ਦਾ ਸਮਾਂ ਪੂਰਾ ਕਰ ਚੁੱਕੇ ਹਨ। ਇਹ ਕਦਮ ਉਨ੍ਹਾਂ ਜ਼ਮੀਨਾਂ ਦੇ ਖੇਤੀ ਕਰਨ ਵਾਲਿਆਂ ਨੂੰ ਮਾਲਕੀ ਹੱਕ ਦੇਣ ਲਈ ਖੇਤੀਬਾੜੀ ਸੁਧਾਰਾਂ ਦਾ ਹਿੱਸਾ ਹੈ, ਜੋ ਜ਼ਿਆਦਾਤਰ ਸਮਾਜ ਦੇ ਆਰਥਿਕ ਅਤੇ ਸਮਾਜਿਕ ਤੌਰ ਉੱਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਹਨ।

ਤੀਸਰਾ ਪੰਜਾਬ (ਛੋਟੇ ਤੇ ਸੀਮਾਂਤ ਕਿਸਾਨਾਂ ਦੀ ਭਲਾਈ ਅਤੇ ਬੰਦੋਬਸਤ) ਅਲਾਟਮੈਂਟ ਆਫ ਸਟੇਟ ਗੌਰਮਿੰਟ ਲੈਂਡ ਬਿੱਲ ਪੇਸ਼ ਕਰਦਿਆਂ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਇਸ ਦਾ ਉਦੇਸ਼ 10 ਸਾਲਾਂ ਤੋਂ ਵੱਧ ਸਾਲਾਂਤੋਂ ਖੇਤੀ ਕਰ ਰਹੇ ਅਤੇ ਕਾਬਜ਼ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਵਾਜਬ ਅਤੇ ਪਹਿਲਾਂ ਤੋਂਮਿਥੀ ਕੀਮਤ ਉੱਤੇ ਜ਼ਮੀਨ ਦੇਣਾ ਹੈ ਤਾਂ ਜੋ ਕਿਸਾਨਾਂ ਅਤੇ ਰਾਜ ਸਰਕਾਰ ਦੋਵਾਂ ਦੇ ਹਿੱਤਾਂ ਦੀ ਰਾਖੀ ਯਕੀਨੀ ਬਣਾਈ ਜਾ ਸਕੇ। ਇਹ ਪੈਂਡਿੰਗ ਕੇਸਾਂ ਦੇ ਨਿਪਟਾਰੇ ਵਿਚ ਵੀ ਸਹਾਈ ਹੋਵੇਗਾ। ਚੌਥਾ ਪੰਜਾਬ ਲੈਂਡ ਰੈਵੇਨਿਊ (ਸੋਧ) ਬਿੱਲ ਨੂੰ ਪੇਸ਼ ਕਰਦਿਆਂ ਮਾਲ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਲੈਂਡ ਰੈਵੇਨਿਊ ਐਕਟ 1887 ਦੀਆਂ ਵੱਖ-ਵੱਖ ਧਾਰਾਵਾਂ ਨੂੰ ਸੋਧਣ ਲਈ ਹੈ, ਜਿਸ ਵਿਚ ਸ਼ਡਿਊਲ ਨੂੰ ਛੱਡ ਕੇ 158 ਧਾਰਾਵਾਂ ਹਨ। ਇਸ ਨਾਲ ਕਾਨੂੰਨ ਸੌਖੇ ਕਰ ਕੇ ਨਿਆਂ ਦੇਣ ਦੀ ਪ੍ਰਕਿਰਿਆ ਤੇਜ਼ੀ ਹੋ ਸਕੇਗੀ। ਇਸ ਐਕਟ ਦੇ ਮੁਤਾਬਕ ਅਪੀਲ, ਸਮੀਖਿਆ, ਸੋਧ ਤੇ ਸੰਮਨ ਦੀ ਸਰਵਿਸ ਅਤੇ ਵੰਡ ਬਾਰੇ ਸੋਧਾਂ ਕੀਤੀਆਂ ਗਈਆਂ ਹਨ।

ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਟਿਸ਼ੂ ਕਲਚਰ ਆਧਾਰਤ ਆਲੂ ਬੀਜ ਬਿੱਲ ਵਿਧਾਨ ਸਭਾ ਵਿਚ ਪੇਸ਼ ਕਰਦਿਆਂ ਕਿਹਾ ਕਿ ਇਸ ਦਾ ਉਦੇਸ਼ ਟਿਸ਼ੂ ਕਲਚਰ ਵਾਲੀਟੈਕਨਾਲੋਜੀ ਨਾਲ ਮਿਆਰੀ ਆਲੂ ਬੀਜ ਦੇ ਉਤਪਾਦਨ ਨੂੰ ਮਨਜ਼ੂਰ ਕਰ ਕੇ ਕਿਸਾਨ ਦੀ ਆਮਦਨ ਵਧਾਉਣਾ ਹੈ। ਸਟੈਂਡਰਡ ਦੇ ਆਲੂ ਬੀਜ ਬਾਰੇ ਆਲੂ ਉਤਪਾਦਕਾਂ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਮੰਗ ਸੀ। ਇਹ ਕਦਮ ਆਲੂਆਂ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਨ ਵਿਚ ਸਹਾਇਤਾ ਕਰੇਗਾ।

ਕਿਰਤ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਫੈਕਟਰੀ (ਪੰਜਾਬ ਸੋਧ) ਬਿੱਲ ਪੇਸ਼ ਕਰਦੇ ਹੋਏ ਕਿਹਾ ਕਿ ਇਹ ਬਿੱਲ ਪੰਜਾਬ ਵਿੱਚ ਨਿਵੇਸ਼ ਦੇ ਮਾਹੌਲ ਨੂੰ ਸੁਧਾਰਨ ਅਤੇ ਰੋਜ਼ਗਾਰ ਦੇਣ ਵਿੱਚ ਮਦਦ ਕਰੇਗਾ।ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿੱਲ ਨੂੰ ਪੇਸ਼ ਕਰਦਿਆਂ ਮਾਲ ਮੰਤਰੀ ਨੇ ਕਿਹਾ ਕਿ ਰਜਿਸਟ੍ਰੇਸ਼ਨ ਐਕਟ 1908 ਸੇਲ ਡੀਡ ਰਜਿਸਟਰ ਕਰਨ ਤੋਂ ਇਨਕਾਰ ਦੇ ਲਈ ਮਾਲ ਅਧਿਕਾਰੀਆਂ ਨੂੰ ਪੂਰੀ ਤਾਕਤਨਹੀਂਦੇਂਦਾ, ਜਿਸ ਲਈ ਉਨ੍ਹਾਂ ਨੂੰ ਅਧਿਕਾਰ ਦਿੱਤੇ ਜਾਣ ਦੀ ਲੋੜ ਸੀ ਤਾਂ ਜੋ ਕੇਂਦਰੀ ਅਤੇ ਸੂਬਾ ਸਰਕਾਰ ਦੀਆਂ ਜ਼ਮੀਨਾਂ, ਵਕਫ਼ ਬੋਰਡ ਦੀਆਂ ਜ਼ਮੀਨਾਂ, ਸ਼ਾਮਲਾਤਾਂ ਅਤੇ ਹੋਰ ਜ਼ਮੀਨਾਂ ਦੇ ਮਾਲਕੀ ਹੱਕ ਸੁਰੱਖਿਅਤ ਬਣਾ ਕੇ ਤੇਜ਼ੀ ਲਿਆਂਦੀ ਜਾ ਸਕੇ।

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਬਣੀ ਸਹਿਮਤੀ ਜਿੱਦਾਂ ਸੀ ਆਗੂਆਂ ਦੀ,
ਘੰਟੇ ਚੌਵੀ ਉਹ ਸਕੀ ਨਹੀਂ ਚੱਲ ਬੇਲੀ।
ਆ ਗਏ ਅੱਜ ਉਹ ਫੇਰ ਨੇ ਆਈ ਉੱਤੇ,
ਲਾਹੁਣ ਲੱਗੇ ਫਿਰ ਵਾਲ਼ਾਂ ਦੀ ਖੱਲ ਬੇਲੀ।
ਮਿਲੇ ਕਿਸੇ ਦੀ ਕਿਸੇ ਨਾਲ ਸੁਰ ਨਾਹੀਂ,
ਹਰ ਕੋਈ ਆਖਦਾ ਵੱਖ ਹੈ ਗੱਲ ਬੇਲੀ।
ਲੈਣੀ ਭੁੱਲੀ ਪਈ ਦਿੱਲੀ ਦੇ ਨਾਲਟੱਕਰ,
ਮੂਲੋਂ ਉਲਟ ਲਈ ਸੜਕ ਹੈ ਮੱਲ ਬੇਲੀ।
ਮੰਗਲਵਾਰ ਸੀ ਏਕੇ ਦਾ ਰਾਗ ਛੋਹਿਆ,
ਛੋਹ ਲਈ ਬੁੱਧ ਨੂੰ ਵੱਖ ਹੈ ਤਾਨ ਬੇਲੀ।
ਭਲਾ ਸਾਡੜਾ ਆਗੂ ਇਹ ਕਰਨਗੇ ਕੀ,
ਝੱਈਆਂ ਲੈਂਦੇ ਹਨ ਪਏ ਕਿਸਾਨ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਦੇ ਬਿੱਲਾਂ ਦਾ ਅਸਰ, ਕਿਸਾਨ ਜਥੇਬੰਦੀਆਂ ਨੇ ਰੇਲਵੇ ਮਾਲ ਗੱਡੀਆਂ ਨੂੰ 5 ਨਵੰਬਰ ਤੱਕ ਰਾਹ ਦੇਣਾ ਮੰਨਿਆ

*** ਕੇਂਦਰੀ ਖੇਤੀ ਮੰਤਰੀ ਨੇ ਕਿਹਾ: ਮੋਦੀ ਸਰਕਾਰ ਸੋਚੇਗੀ**



ਚੰਡੀਗੜ੍ਹ, 21 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧਬੀਤੇ ਮੰਗਲਵਾਰ ਨੂੰ ਪੰਜਾਬ ਸਰਕਾਰ ਵੱਲੋਂਵਿਧਾਨ ਸਭਾ ਤੋਂ ਤਿੰਨ ਬਿੱਲ ਪਾਸ ਕਰਵਾਏ ਜਾਣ ਦਾ ਅਸਰ ਹੋਇਆ ਹੈ ਕਿ ਅੱਜ 29 ਕਿਸਾਨ ਜਥੇਬੰਦੀਆਂ ਨੇ ਪੰਜ ਨਵੰਬਰ ਤੱਕ ਪੰਜਾਬ ਵਿੱਚ ਰੇਲਵੇ ਮਾਲ ਗੱਡੀਆਂ ਚੱਲਣ ਦੇਣ ਦਾ ਫੈਸਲਾ ਲਿਆ ਹੈ। ਅੱਜ ਚੰਡੀਗੜ੍ਹ ਵਿੱਚ ਸਾਂਝੀ ਮੀਟਿੰਗ ਪਿੱਛੋਂ ਕਿਸਾਨ ਲੀਡਰਾਂ ਨੇ ਕਿਹਾ ਕਿ ਪੰਜ ਨਵੰਬਰ ਤੱਕ ਮਾਲ ਗੱਡੀਆਂ ਤਾਂ ਚੱਲ ਸਕਣਗੀਆਂ, ਪਰ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦਾ ਘਿਰਾਓ, ਟੋਲ ਪਲਾਜਿਆਂ, ਮਾਲ ਅਤੇ ਰਿਲਾਇੰਸ ਦੇ ਪੈਟਰੋਲ ਪੰਪਾਂ ਅੱਗੇਧਰਨੇ ਜਾਰੀ ਰੱਖ ਕੇ ਚਾਰ ਨਵੰਬਰ ਨੂੰ ਮੀਟਿੰਗ ਕਰਕੇ ਅਗਲੀ ਰਣਨੀਤੀ ਐਲਾਨੀ ਜਾਵੇਗੀ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਪੀਲ ਕੀਤੀ ਸੀਕਿ ਰੇਲ ਗੱਡੀਆਂ ਰੋਕਣ ਨਾਲ ਪੰਜਾਬ ਵਿੱਚ ਕੋਲੇ, ਖਾਦਾਂ ਤੇ ਹੋਰ ਸਾਮਾਨ ਦੀ ਕਮੀ ਆ ਰਹੀ ਹੈ, ਇਸ ਲਈ ਇਹ ਅੰਦੋਲਨ ਰੋਕ ਦਿੱਤਾ ਜਾਵੇ। ਕਿਸਾਨ ਆਗੂਆਂ ਨੇ ਪੰਜਾਬ ਦੀ ਕੈਪਟਨ ਸਰਕਾਰ ਵੱਲੋਂਪਾਸ ਕੀਤੇ ਬਿੱਲਾਂ ਨੂੰ ਕਿਸਾਨ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਤੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀ ਮੰਗਾਂ ਨਹੀਂਮੰਨੀਆਂ ਜਾਂਦੀਆਂ, ਇਹ ਸੰਘਰਸ਼ ਜਾਰੀ ਰਹੇਗਾ, ਪਰ ਮਾਲ ਗੱਡੀਆਂ ਪੰਜ ਨਵੰਬਰ ਤੱਕ ਚਲਾਏ ਜਾਣ ਦੀ ਛੋਟ ਇਸ ਸੰਘਰਸ਼ ਦੇ ਦੌਰਾਨ ਦੇ ਦਿੱਤੀ ਜਾਵੇਗੀ।

ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਵੀ ਪੰਜਾਬ ਸਰਕਾਰ ਵੱਲੋਂਪਾਸ ਕੀਤੇ ਬਿੱਲਾਂ ਨੂੰ ਗਵਰਨਰਅਤੇ ਰਾਸ਼ਟਰਪਤੀ ਤੋਂ ਮਨਜ਼ੂਰੀ ਮਿਲਣ ਤੱਕ ਟੌਲ ਪਲਾਜ਼ਿਆਂ, ਵੱਡੇ ਕਾਰਪੋਰੇਟ ਘਰਾਣਿਆਂ ਦੇ ਪੈਟਰੋਲ ਪੰਪਾਂ ਅਤੇ ਭਾਜਪਾ ਲੀਡਰਾਂ ਅਤੇ ਸਮਰਥਕਾਂ ਦੇ ਖਿਲਾਫ਼ ਅਣਮਿਥੇ ਸਮੇਂ ਦੇ ਧਰਨੇ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਨੇ ਦੱਸਿਆ ਕਿ ਮੰਗਾਂ ਮੰਨੇ ਜਾਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ, ਪਰ ਰੇਲ ਪਟੜੀਆਂ ਤੋਂਇਸ ਗਰੁੱਪ ਨੇ ਪਹਿਲਾਂ ਹੀ ਆਪਣੇ ਧਰਨੇ ਉਠਾ ਲਏ ਹਨ।

ਦੂਸਰੇ ਪਾਸੇ ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂਪਾਸ ਕੀਤੇ ਬਿੱਲਾਂਬਾਰੇ ਐਕਸ਼ਨ ਲਈ ਮੋਦੀ ਸਰਕਾਰ ਤਿਆਰ ਹੈ। ਅੱਜ ਗਵਾਲੀਅਰ ਵਿੱਚ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਵਿਰੁੱਧ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਮਤੇ ਉੱਤੇ ਵਿਚਾਰ ਕੀਤਾ ਜਾਏਗਾ ਤੇ ਕਿਸਾਨਾਂ ਦੇ ਹਿੱਤ ਵਿੱਚ ਜੋ ਠੀਕ ਫੈਸਲਾ ਹੋਵੇਗਾ, ਅਸੀਂ ਕਰਾਂਗੇ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰੇਂ-ਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਨੇ ਕਿਸਾਨਾਂ ਦੇ ਭਲੇ ਦੇ ਕਾਨੂੰਨ ਬਣਾਏ ਹਨ, ਜਿਨ੍ਹਾਂਦਾ ਨਤੀਜਾ ਠੀਕ ਆਉਣ ਵਾਲਾ ਹੈ ਅਤੇ ਕਾਂਗਰਸ ਆਗੂ ਜਿਹੜੇ ਕੰਮ ਆਪਣੇ ਰਾਜ ਵਿੱਚ ਚਾਹੁੰਦੇ ਹੋਏ ਵੀ ਨਹੀਂ ਕਰ ਸਕੇ, ਉਹ ਮੋਦੀ ਸਰਕਾਰ ਨੇ ਕਰਦਿੱਤੇ ਤਾਂ ਉਨ੍ਹਾਂ ਨੂੰ ਚੁਭਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸੁਧਾਰ ਕਾਂਗਰਸ ਆਪਣੇ ਚੋਣ ਮੈਨੀਫੈਸਟੋ ਵਿੱਚਲਿਖ ਚੁੱਕੀ ਹੈ, ਜਦੋਂ ਉਹੀ ਹੋ ਗਏ ਤਾਂ ਕਾਂਗਰਸ ਵਿਰੋਧ ਕਰਦੀ ਹੈ।

## ਵਿਧਾਨ ਸਭਾ ਵੱਲੋਂ ਕਾਨੂੰਨ ਰੱਦ ਕਰਨ ਨੂੰ ਰਾਜੇਵਾਲ ਨੇ ਕਿਸਾਨਾਂ ਦੀ ਵੱਡੀ ਪ੍ਰਾਪਤੀ ਕਿਹਾ

ਸਮਰਾਲਾ, 21 ਅਕਤੂਬਰ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਪੰਜਾਬ ਵਿਧਾਨ ਸਭਾ ’ਚ ਕੱਲ੍ਹ ਸਾਰੀਆਂ ਰਾਜਸੀ ਪਾਰਟੀਆਂ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤੇ ਮਤਿਆਂ ਨੂੰ ਕਿਸਾਨ ਸੰਘਰਸ਼ ਦੀ ਵੱਡੀ ਪ੍ਰਾਪਤੀ ਦੱਸਦਿਆਂ ਕਿਹਾ ਕਿ ਇਸ ਤਰ੍ਹਾਂ ਕਿਸਾਨਾਂ ਦੀ ਲੜਾਈ ਮੋਦੀ ਦੇ ਘਰ ਪੁੱਜ ਗਈ ਹੈ ਤੇ ਤੇਜ਼ੀ ਨਾਲ ਵੱਧ ਰਹੇ ਕਿਸਾਨ ਸੰਘਰਸ਼ ਨੂੰ ਕੌਮੀ ਪੱਧਰ ’ਤੇ ਹੋਰ ਤੇਜ਼ ਕਰਨਾ ਪਵੇਗਾ। ਰਾਜੇਵਾਲ ਨੇ ਕਿਹਾ ਕਿ ਮੋਦੀ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਨਾਲ ਪੰਜਾਬ ਦੇਸ਼ ਦਾ ਪਹਿਲਾ ਰਾਜ ਬਣ ਗਿਆ ਹੈ, ਪਰ ਅਜੇ ਲੜਾਈ ਖ਼ਤਮ ਨਹੀਂ ਹੋਈ ਕਿਉਂਕਿ ਇਨ੍ਹਾਂ ਕਾਨੂੰਨਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਲੋੜ ਹੈ। ਸਥਾਨਕ ਰੇਲਵੇ ਸਟੇਸ਼ਨ ’ਤੇ 20 ਦਿਨਾਂ ਤੋਂ ਰੇਲ ਪਟੜੀਆਂ ’ਤੇ ਧਰਨਾ ਦੇ ਰਹੇ ਕਿਸਾਨਾਂ ਨੂੰ ਸੰਬੋਧਨ ਕਰਨ ਦੇ ਬਾਅਦ ਰਾਜੇਵਾਲ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

## ਮਜੀਠੀਆ ਨੇ ਕਿਹਾ, ਪੰਜਾਬ ਵਿੱਚ ਤਾਂ ਪਹਿਲਾਂ ਹੀ ਰਾਸ਼ਟਰਪਤੀ ਰਾਜ ਚੱਲ ਰਿਹੈ



ਚੰਡੀਗੜ੍ਹ, 21 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਵਿਚ ਰਾਸ਼ਟਰਪਤੀ ਸ਼ਾਸਨ ਲਾਏ ਜਾਣ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਉੱਤੇ ਅਕਾਲੀਆਗੂਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਪੰਜਾਬ ਵਿਚ ਅੱਗੇਹੀ ਰਾਸ਼ਟਰਪਤੀ ਸ਼ਾਸਨ ਚੱਲ ਰਿਹਾ ਹੈ, ਮੁੱਖ ਮੰਤਰੀ ਸਿਰਫ਼ ਪਹਿਲਾਂ ਤੋਂ ਚੱਲ ਰਹੇ ਰਾਸ਼ਟਰਪਤੀ ਸ਼ਾਸਨ ਨੂੰ ਕਵਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਨਰਿੰਦਰ ਮੋਦੀ ਦੀ ਮਨਜ਼ੂਰੀ ਬਿਨਾਂ ਪੰਜਾਬ ਵਿੱਚਪ-ੱਤਾ ਤੱਕਨਹੀਂ ਹਿੱਲ ਸਕਦਾ, ਵਿਧਾਨ ਸਭਾ ਵਿੱਚ ਪਾਸ ਹੋਏ ਇਹ ਬਿੱਲ ਤਾਂ ਸਿਰਫ਼ ਇਕ ਨਮੂਨਾ ਹਨ।

ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੁੱਛਿਆ ਕਿ ਕੀ ਪੰਜਾਬ ਸਰਕਾਰ ਕੋਲ ਆਪਣੇ ਕਿਸਾਨਾਂ ਦੇ ਭਲੇਦਾ ਬਿੱਲ ਲਿਆਉਣ ਜੋਗਾ ਸਾਹਸ ਨਹੀਂ, ਜਿਸ ਵਿਚ ਰਾਸ਼ਟਰਪਤੀ ਦੀ ਮਨਜ਼ੂਰੀ ਜਾਂ ਦੂਜੇ ਸ਼ਬਦਾਂ ਵਿਚ ਨਰਿੰਦਰ ਮੋਦੀ ਦੀ ਮਨਜ਼ੂਰੀ ਦੀ ਲੋੜ ਨਹੀਂ ਹੁੰਦੀ? ਉਨ੍ਹਾ ਕਿਹਾ ਕਿ ਜਿਹੜੇ ਬਿੱਲ ਵਿਧਾਨਸਭਾ ਵਿਚ ਲਿਆਂਦੇ ਤੇ ਪਾਸ ਕੀਤੇ ਗਏ, ਉਹ ਸਾਫ ਤੌਰ ਉੱਤੇ ਮੋਦੀ-ਕੈਪਟਨ ਜੋੜੀ ਵਲੋਂਪੰਜਾਬ ਵਿੱਚ ਫਸਲ ਦੀ ਖਰੀਦ ਦੀ ਜ਼ਿੰਮੇਵਾਰੀ ਕੇਂਦਰ ਉੱਤੇ ਸੁੱਟ ਕੇ ਕਿਸਾਨਾਂ ਨੂੰ ਤਬਾਹ ਕਰਨ ਲਈ ਚੁੱਕਿਆ ਚਲਾਕ ਕਦਮ ਹੈ।ਮਜੀਠੀਆ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੋਦੀ ਦੇ ਨਾਲ ਮਿਲ ਕੇ ਪੰਜਾਬ ਦੇ ਕਿਸਾਨਾਂ ਦੀ ਪਿੱਠ ਵਿਚ ਛੁਰਾ ਮਾਰਿਆ ਤੇ ਪੰਜਾਬ ਦੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ।

ਇਸ ਮੌਕੇ ਜਦੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਵਿਧਾਨ ਸਭਾ ਵਿੱਚ ਇਸ ਦੀ ਹਮਾਇਤ ਕੀਤੀ ਸੀ ਤਾਂ ਮਜੀਠੀਆ ਨੇ ਕਿਹਾ ਕਿ ਵਿਧਾਨਸਭਾ ਵਿਚਬਿੱਲਾਂ ਦਾ ਸਮਰਥਨ ਕਰਨ ਦਾ ਕਾਰਨ ਕਿਸਾਨਾਂ ਨਾਲ ਇਕਜੁਟਤਾ ਦਿਖਾਉਣਾ ਸੀ। ਉਨ੍ਹਾ ਕਿਹਾ ਕਿ ਇਨ੍ਹਾਂ ਬਿੱਲਾਂ ਨੇ ਕਿਸਾਨਾਂ ਲਈ ਗੰਭੀਰ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਜੇ ਖਰੀਦਦਾਰ ਪਿੱਛੇ ਹਟਦਾ ਹੈ ਤਾਂ ਕਿਸਾਨ ਭੁਗਤਾਨ ਦਾ ਦਾਅਵਾ ਨਹੀਂ ਕਰ ਸਕਦਾ। ਉਨ੍ਹਾਂ ਪੁੱਛਿਆ ਕਿ ਜੇ ਪ੍ਰਾਈਵੇਟ ਕਾਰ-ਪੋਰੇਟ ਤੇ ਕੇਂਦਰ ਸਰਕਾਰ ਦੇ ਲੋਕ ਘੱਟੋ-ਘੱਟ ਮੁੱਲ ਉੱਤੇ ਫਸਲ ਨਾ ਖਰੀਦਣਗੇ ਤਾਂ ਪੰਜਾਬ ਸਰਕਾਰ ਕਿਸਾਨਾਂ ਦੀ ਕਿਵੇਂ ਮਦਦ ਕਰੇਗੀ? ਕੀ ਪੰਜਾਬ ਦੀ ਸਰਕਾਰ ਓਦੋਂ ਸਾਰੀ ਫਸਲ ਦੀ ਖਰੀਦਕਰਨ ਦੀ ਕੋਈ ਗਾਰੰਟੀ ਦੇਵੇਗੀ?

## ਪੰਜਾਬ ਦੇ ਖੇਤੀ ਬਿੱਲ, ਆਮ ਆਦਮੀ ਪਾਰਟੀ ਨੇ ਅਸੈਂਬਲੀ ਵਿੱਚ ਸਮੱਰਥਨ ਮਗਰੋਂ ਦੂਸਰਾ ਮੋੜਾ ਕੱਟਿਆ




ਚੰਡੀਗੜ੍ਹ, 21 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਵਿਰੁੱਧ ਪੰਜਾਬ ਸਰਕਾਰ ਦੇ ਖੇਤੀ ਬਿੱਲ ਪਾਸ ਕਰਨ ਪਿੱਛੇ ਕੰਮ ਕਰਦੀ ਸੋਚ ਬਾਰੇ ਆਮ ਆਦਮੀ ਪਾਰਟੀ ਨੇ ਸਵਾਲ ਚੁੱਕੇ ਹਨ। ਪੰਜਾਬ ਦੇ ਪਾਰਟੀ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਤੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੇ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੜਾਈ ਅਜੇ ਸ਼ੁਰੂ ਹੋਈ ਹੈ, ਜੇ ਕੈਪਟਨ ਅਮਰਿੰਦਰ ਸਿੰਘ ਸੱਚਮੁੱਚ ਕਿਸਾਨਾਂ ਦੇ ਰਾਖੇ ਹਨ ਤਾਂ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਬਾਰੇ ਬਿੱਲ ਪੇਸ਼ ਕਿਉਂ ਨਹੀਂਕਰਦੇ।

ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕਹਿੰਦੀ ਹੈ ਕਿ ਐੱਮ ਐੱਸ ਪੀਤੋਂ ਘੱਟ ਜੇ ਕੋਈ ਫ਼ਸਲ ਖਰੀਦੇਗਾ ਤਾਂ ਉਸ ਨੂੰ 3 ਸਾਲ ਦੀ ਸਜ਼ਾ ਹੋਵੇਗੀ, ਪਰ ਜੇ ਕੇਂਦਰ ਸਰਕਾਰਐੱਮ ਐੱਸ ਪੀਦੇਣ ਤੋਂ ਮੁੱਕਰ ਜਾਵੇ ਜਾਂ ਕਹੇ ਕਿ ਸਾਨੂੰ ਇੰਨੀ ਫ਼ਸਲ ਹੀ ਚਾਹੀਦੀ ਹੈ, ਫਿਰ ਕਿਸਾਨ ਕੀ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਐੱਮ ਐੱਸ ਪੀ ਬਿੱਲ ਲਿਆਵੇ ਤੇ ਉਸ ਵਿਚ ਸਾਫ ਕਰੇ ਕਿ ਜੇ ਕੇਂਦਰ ਸਰਕਾਰ ਫ਼ਸਲ ਨਹੀਂ ਚੁੱਕੇਗੀ ਜਾਂ ਫਿਰ ਫ਼ਸਲ ਬਚ ਜਾਂਦੀ ਹੈ ਤਾਂ ਉਸ ਨੂੰ ਪੰਜਾਬ ਸਰਕਾਰ ਚੁੱਕੇਗੀ। ਮਾਨ ਨੇ ਕਿਹਾ ਕਿ ਮਾਲਵੇ ਵਿਚ ਕਪਾਹ ਤੇ ਨਰਮਾ ਰੁੱਲਦਾ ਹੈ, ਪੰਜਾਬ ਸਰਕਾਰ ਕੀ ਉਨ੍ਹਾਂ ਨੂੰ ਕਿਸਾਨ ਨਹੀਂ ਸਮਝਦੀ, ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਲਈ ਕੈਪਟਨ ਅਮਰਿੰਦਰ ਸਿੰਘ ਅੱਖੀਂ ਘੱਟਾ ਪਾਉਣ ਦੀ ਥਾਂ ਕਿਸਾਨਾਂ ਦੇ ਹੱਕ ਦਾ ਸਹੀ ਫ਼ੈਸਲਾ ਲੈਣ।

ਇਸ ਮੌਕੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਪੰਜਾਬ ਸਰਕਾਰ ਦੇ ਬਿੱਲਾਂ ਨੂੰ ਪੰਜਾਬ ਤੇ ਪੰਜਾਬੀਅਤ ਨਾਲ ਧੋਖਾ ਦੱਸਦਿਆਂ ਕਿਹਾ ਕਿ ਮਾਹਰਾਂ ਦੀ ਰਾਏ ਪਿੱਛੋਂ ਪਤਾ ਲੱਗਾ ਹੈ ਕਿ ਇਨ੍ਹਾਂ ਕਾਨੂੰਨਾਂ ਵਿਚ ਵੱਡੀਆਂ ਘਾਟਾਂ ਹਨ ਅਤੇ ਇਸ ਦਾ ਕਿਸਾਨਾਂ ਨੂੰ ਕੋਈ ਲਾਭਨਹੀਂ ਹੋਣਾ। ਚੀਮਾ ਨੇ ਕਿਹਾ ਕਿ ਬਿੱਲ ਪਾਸ ਹੋਣ ਮੌਕੇ ਆਮ ਆਦਮੀ ਪਾਰਟੀ ਨੇ ਸਿਰਫ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਸੀ ਕਿ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਸਾਰੀਆਂ ਧਿਰਾਂ ਇਕ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿੱਚ ਕੈਪਟਨ ਅਮਰਿੰਦਰ ਸਿੰਘ ਅਤੇ ਸਪੀਕਰ ਵਲੋਂ ਆਮ ਆਦਮੀ ਪਾਰਟੀ ਦੀ ਆਵਾਜ਼ ਦਬਾਈ ਗਈ ਹੈ। ਵਾਰ-ਵਾਰ ਸਮਾਂ ਮੰਗਣ ਦੇ ਬਾਵਜੂਦ ਵਿਰੋਧੀ ਧਿਰ ਦੇ ਆਗੂਆਂ ਨੂੰ ਬੋਲਣ ਨਹੀਂ ਦਿੱਤਾ ਗਿਆ।

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
“Your neighborhood broker, Call Paramjit Deol Today”

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

MISSISSAUGA $299,000
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Mississauga $749,000
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

Oshawa $659,000
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

Brampton $749,000
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਮਹਾਰਾਸ਼ਟਰ ਵਿੱਚ ਭਾਜਪਾ ਨੂੰ ਝਟਕਾ, ਸੀਨੀਅਰ ਆਗੂ ਏਕਨਾਥ ਖੜਸੇ ਨੇ ਪਾਰਟੀ ਛੱਡੀ

*** ਖੜਸੇ ਨੇ ਕਿਹਾ: ਇਕ ਬੰਦੇ ਕਾਰਨ ਭਾਜਪਾ ਛੱਡਣੀ ਪਈ**



ਨਵੀਂ ਦਿੱਲੀ, 21 ਅਕਤੂਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਭਾਜਪਾ ਦੇ ਸੀਨੀਅਰ ਨੇਤਾ ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਆਗੂ ਰਹਿ ਚੁੱਕੇ ਏਕਨਾਥ ਖੜਸੇ ਨੇ ਅੱਜ ਬੁੱਧਵਾਰ ਨੂੰ ਵੱਡਾ ਝਟਕਾ ਦਿੰਦੇ ਹੋਏ ਭਾਜਪਾ ਤੋਂ ਅਸਤੀਫ਼ਾ ਦੇ ਦਿੱਤਾ ਹੈ। ਮੀਡੀਆ ਰਿਪੋਰਟ ਅਨੁਸਾਰ ਏਕਨਾਥ ਖੜਸੇ ਐੱਨ ਸੀ ਪੀ ਵਿੱਚ ਸ਼ਾਮਲ ਹੋਣ ਵਾਲੇ ਹਨ। ਅਸਤੀਫ਼ਾ ਦੇਣ ਤੋਂ ਬਾਅਦ ਖੜਸੇ ਨੇ ਸਾਬਕਾ ਮੁੱਖ ਮੰਤਰੀ ਦੇਵੇਂ-ਦਰ ਫੜਨਵੀਸ ਉੱਤੇ ਨਿਸ਼ਾਨਾ ਸਾਧਿਆ ਤੇ ਕਿਹਾ ਕਿ ਪਾਰਟੀ ਛੱਡਣ ਦੀਮੇਰੀ ਇੱਛਾ ਨਹੀਂ ਸੀ,ਪਰ ਇਕ ਬੰਦੇ ਕਾਰਨ ਛੱਡਣੀ ਪਈ ਹੈ। ਇਸ ਦੀ ਸ਼ਿਕਾਇਤ ਮੈਂ ਪਾਰਟੀ ਦੇ ਸੀਨੀਅਰ ਨੇਤਾਵਾਂ ਨੂੰ ਕੀਤੀ ਸੀ, ਪਰ ਓਥੇ ਵੀ ਸੁਣਵਾਈ ਨਹੀਂ ਹੋਈ, ਇਸ ਲਈ ਮੈਂ ਪਾਰਟੀ ਛੱਡਣ ਦਾ ਫੈਸਲਾ ਕੀਤਾ ਹੈ।

ਪਤਾ ਲੱਗਾ ਹੈ ਕਿ ਏਕਨਾਥਖੜਸੇ ਇਸ ਸ਼ੁੱਕਰਵਾਰ ਸ਼ਰਦ ਪਰਵਾਰ ਦੀ ਅਗਵਾਈ ਵਾਲੀ ਐੱਨ ਸੀ ਪੀ ਪਾਰਟੀ ਵਿੱਚ ਸ਼ਾਮਲ ਹੋ ਜਾਣਗੇ। ਅਸਤੀਫ਼ਾ ਦੇਣਪਿੱਛੋਂਖੜਸੇ ਨੇ ਕਿਹਾ, ‘ਪਿਛਲੇ 4 ਸਾਲਾਂ ਤੋਂ ਬਦਨਾਮੀ ਝੱਲਣੀ ਪਈ ਹੈ। ਮੈਂ ਭਾਜਪਾਨਾਲ ਨਾਰਾਜ਼ ਨਹੀਂ, ਇਕ ਬੰਦੇਨਾਲ ਹਾਂ। ਮੇਰੇ ਉੱਤੇ ਜੋ ਦੋਸ਼ ਲੱਗਾ, ਉਸਦੀ ਜਾਂਚ ਹੋਈ, ਪਰ ਕੁਝ ਨਿਕਲਿਆਨਹੀਂ। ਬਾਕੀ ਨੇਤਾਵਾਂ ਉੱਤੇ ਦੋਸ਼ ਲੱਗਾ, ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ, ਮੈਨੂੰ ਨਹੀਂ।’ ਉਨ੍ਹਾਂ ਨੇ ਕਿਹਾ, ‘ਮੇਰੀ ਨਾਰਾਜ਼ਗੀ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਹੈ। ਮੇਰੇ ਪਿੱਛੇ ਜਨਤਾ ਹੈ, ਮੈਂ ਆਪਣਾ ਅਸਤੀਫ਼ਾਦੇ ਦਿੱਤਾ ਤੇ ਐੱਨ ਸੀ ਪੀ ਵਿੱਚ ਸ਼ਾਮਲ ਹੋ ਜਾਵਾਂਗਾ। ਮੈਂ 40 ਸਾਲ ਭਾਜਪਾ ਨੂੰ ਦਿੱਤੇ ਹਨ। ਜਦੋਂ ਮੇਰੇ ਉੱਤੇ ਦੋਸ਼ ਲੱਗਾ ਤਾਂ ਮੈਂ ਖ਼ੁਦ ਮੁੱਖ ਮੰਤਰੀ ਨੂੰ ਕਿਹਾ ਕਿ ਮੇਰੇ ਉੱਤੇ ਦੋਸ਼ ਲਾ ਰਹੇ ਹੋ, ਫਿਰਜਾਂਚ ਕਰਵਾਈ ਤਾਂ ਕੁਝ ਨਹੀਂ ਨਿਕਲਿਆ।’ਖੜਸੇ ਨੇ ਕਿਹਾ, ‘40 ਸਾਲ ਭਾਜਪਾ ਲਈ ਓਦੋਂ ਕੰਮ ਕੀਤਾ, ਜਦੋਂ ਲੋਕ ਸਾਨੂੰ ਪੱਥਰ ਮਾਰਦੇ ਸਨ।ਅਸੀਂ ਮਿਹਨਤ ਕੀਤੀ ਤੇ ਸਰਕਾਰ ਬਣੀ।ਪਾਰਟੀ ਨੇ ਸਾਨੂੰ ਮੰਤਰੀ ਬਣਾਇਆ ਤਾਂ ਸਾਡੀ ਮਿਹਨਤ ਸੀ।’ਉਨ੍ਹਾ ਕਿਹਾ, ‘ਵਿਧਾਨ ਸਭਾ ਨੇ ਮੇਰੇ ਉੱਤੇ ਦੋਸ਼ ਲੱਗਾ ਤਾਂਐੱਨ ਸੀ ਪੀ, ਕਾਂਗਰਸ ਅਤੇ ਸ਼ਿਵ ਸੈਨਾ ਨੇ ਮੇਰੀ ਜਾਂਚ ਦੀ ਮੰਗ ਨਹੀਂ ਕੀਤੀ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਮੈਂ ਸਹੀ ਹਾਂ।’

ਏਕਨਾਥ ਖੜਸੇ ਦੇ ਅਸਤੀਫ਼ਾ ਦੇ ਜਾਣ ਪਿੱਛੋਂਜਦੋਂ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਦੇਵੇਂਦਰ ਫੜਨਵੀਸ ਤੋਂਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ, ‘ਮੈਨੂੰ ਖੜਸੇ ਦੇ ਅਸਤੀਫ਼ੇ ਬਾਰੇ ਰਸਮੀ ਤੌਰ ਉੱਤੇ ਕੁਝ ਪਤਾ ਨਹੀਂ ਹੈ। ਇਸ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਮੈਂ ਜ਼ਰੂਰ ਗੱਲ ਕਰਾਂਗਾ।’

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# MARVES HARDWOOD FLOORING




Services:
Fence - Hardwood Flooring
Stairs - Small Renovation

John
416-787-6551

UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification



Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

## Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ
ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca








# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

## FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS

QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21 President Realty Inc Brokerage
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

# ਲਕਸ਼ਮੀ ਮਿੱਤਲ ਅਮੀਰੀ ਦੀ ਬੁਲੰਦੀ ਤੋਂ ਕਰਜ਼ਦਾਰੀ ਬਣ ਗਿਆ

ਲੰਡਨ, 21 ਅਕਤੂਬਰ (ਪੋਸਟ ਬਿਊਰੋ)- ਕਿਸੇ ਵਕਤ ਆਪਣੀ ਧੀ ਦੇ ਵਿਆਹ ਵਿੱਚ 500 ਕਰੋੜ ਰੁਪਏ ਖਰਚ ਕਰ ਕੇ ਸੁਰਖੀਆਂ ਵਿੱਚ ਰਹਿਣ ਵਾਲੇ ਸਟੀਲ ਕਿੰਗ ਲਕਸ਼ਮੀ ਮਿੱਤਲ ਦੇ ਛੋਟੇ ਭਰਾ ਪ੍ਰਮੋਦ ਮਿੱਤਲ ਇਸ ਵਕਤ ਬ੍ਰਿਟੇਨ ਦੇ ਸਭ ਤੋਂ ਵੱਡੇ ਬੈਂਕਰਪਟ (ਦਿਵਾਲੀਆ) ਐਲਾਨ ਕੀਤੇ ਜਾ ਸਕਦੇ ਹਨ।

64 ਸਾਲ ਦੇ ਪ੍ਰਮੋਦ ਮਿੱਤਲ ਦਾ ਕਹਿਣਾ ਹੈ, 'ਮੇਰੇ ਉਤੇ 23,750 ਕਰੋੜ ਰੁਪਏ ਦਾ ਬਕਾਇਆ ਹੈ। ਮੈਂ ਆਪਣੀ ਸਭ ਜਾਇਦਾਦ ਇੱਕ ਸੌਦੇ ਵਿੱਚ ਗਵਾ ਦਿੱਤੀ। ਅੱਜ ਮੇਰੇ ਕੋਲ ਕਮਾਈ ਦਾ ਵੀ ਸਾਧਨ ਨਹੀਂ, ਦਿੱਲੀ ਦੇ ਨੇੜੇ ਜ਼ਮੀਨ ਦੇਸਿਵਾ। ਇਸ ਦੀ ਕੀਮਤ ਵੀ 45 ਪੌਂਡ (4300 ਰੁਪਏ) ਹੈ। ਮੇਰੇ ਕੋਲ ਕੁੱਲ ਜਮਾਂ ਡੇਢ ਕਰੋੜ ਬਾਕੀ ਹਨ। ਮੇਰੀ ਆਪਣੀ ਕੋਈ ਕਮਾਈ ਨਹੀਂ ਰਹਿ ਗਈ। ਪਤਨੀ ਵੀ ਮੇਰੇ 'ਤੇ ਵਿੱਤੀ ਤੌਰ 'ਤੇ ਨਿਰਭਰ ਹੈ। ਹਕੀਕਤ ਇਹ ਹੈ ਕਿ ਮੇਰੇ ਸਾਹਮਣੇ ਗੁਜ਼ਾਰੇ ਦਾ ਸੰਕਟ ਖੜ੍ਹਾ ਹੋ ਗਿਆ ਹੈ। ਮੇਰਾ ਮਹੀਨੇ ਦਾ ਖਰਚ ਕਰੀਬ ਦੋ ਲੱਖ ਰੁਪਏ ਹੈ।''

ਅਸਲ ਵਿੱਚ ਪ੍ਰਮੋਦ ਦਾ ਵਿਵਾਦ 14 ਸਾਲ ਪੁਰਾਣਾ ਹੈ। ਉਹ ਕਈ ਕਰਜ਼ਿਆਂ ਦੇ ਗਾਰੰਟਰ ਸਨ, ਪਰ ਧੋਖਾਧੜੀ ਦੇ


ਪ੍ਰਮੋਦ ਮਿੱਤਲ

ਕੇਸ ਵਿੱਚ ਫਸਣ ਪਿੱਛੋਂ ਉਹ ਕਰਜ਼ਾ ਨਹੀਂ ਚੁਕਾ ਸਕੇ। ਵੱਡੇ ਭਰਾ ਲਕਸ਼ਮੀ ਮਿੱਤਲ ਨੇ ਦੋ ਵਾਰ ਜ਼ਮਾਨਤ ਦੀ ਰਕਮ ਭਰ ਕੇ ਉਨ੍ਹਾਂ ਨੂੰ ਅਪਰਾਧਕ ਕਾਰਵਾਈ ਤੋਂ ਬਚਾਇਆ ਸੀ। ਪ੍ਰਮੋਦ 'ਤੇ ਬ੍ਰਿਟੇਨ ਸਟੇਟ ਟ੍ਰੇਡਿੰਗ ਕਾਰਪੋਰੇਸ਼ਨ (ਐਸ ਟੀ ਸੀ) ਦੇ 2,210 ਕਰੋੜ ਰੁਪਏ ਬਕਾਇਆ ਸੀ। 2019 ਵਿੱਚ ਉਨ੍ਹਾਂ ਨੂੰ ਧੋਖਾਧੜੀ ਦੇ ਦੋਸ਼ ਵਿੱਚ ਬੋਸਨੀਆ ਵਿੱਚ ਗ੍ਰਿਫਤਾਰ ਵੀ ਕੀਤਾ ਗਿਆ ਸੀ। ਇਹ ਮਾਮਲਾ ਕੋਲਾ ਪਲਾਂਟ ਜੀ ਆਈ ਕੇ ਆਈ ਐਲ ਨਾਲ ਸਬੰਧਤ ਧੋਖਾਧੜੀ ਦਾ ਹੈ। ਪ੍ਰਮੋਦ ਇੱਕ ਹਜ਼ਾਰ ਕਾਮਿਆਂ ਵਾਲੀ ਇਹ ਫਰਮ ਸਾਲ 2003 ਤੋਂ ਚਲਾ ਰਹੇ ਸਨ ਅਤੇ ਜੀ ਆਈ ਕੇ ਆਈ ਐਲ ਦੇ ਸੁਪਰਵਾਇਜ਼ਰੀ ਬੋਰਡ ਦੇ ਮੁਖੀ ਸਨ। ਉਨ੍ਹਾ ਨੂੰ ਇਸ ਪਲਾਂਟ ਦੇ ਖਾਤੇ 'ਚੋਂ ਕਰੀਬ 84 ਕਰੋੜ ਰੁਪਏ ਦੇ ਸ਼ੱਕੀ ਟਰਾਂਸਫਰ ਬਾਰੇ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਸੀ। ਇਹ ਟ੍ਰਾਂਸਫਰ ਸਾਲ 2006 ਤੋਂ 2015 ਦੇ ਵਿਚਕਾਰ ਹੋਏ ਸਨ। ਇਸ ਪਲਾਂਟ ਵਿੱਚ ਇੱਕ ਸਥਾਨਕ ਪਬਲਿਕ ਕੰਪਨੀ (ਕੇ ਐਚ ਬੀ) ਦਾ ਹਿੱਸਾ ਹੈ। ਪਿਛਲੇ ਸਾਲ ਉਨ੍ਹਾਂ ਨੂੰ 92 ਕਰੋੜ ਰੁਪਏ ਜ਼ਮਾਨਤ ਦਿੱਤੇ ਜਾਣ ਦੇ ਬਾਅਦ ਰਿਹਾਅ ਕੀਤਾ ਗਿਆ ਤਾਂ ਮੀਡੀਆ ਵਿੱਚ ਖਬਰ ਆਈ ਸੀ ਕਿ ਦੋਵਾਂ ਭਰਾਵਾਂ ਦੇ ਵਿੱਚ ਜਾਇਦਾਦ ਦਾ ਝਗੜਾ ਹੋ ਗਿਆ ਹੈ।ਦੁਨੀਆ ਦੀ ਸਭ ਤੋਂ ਵੱਡੀ ਸਟੀਲ ਨਿਰਮਾਤਾ ਕੰਪਨੀ ਆਰਸੇਲਰ ਮਿੱਤਲ ਦਾ ਲਗਜ਼ਮਬਰਗ ਦਾ ਕਾਰੋਬਾਰ 84,600 ਕਰੋੜ ਰੁਪਏ ਦਾ ਹੈ। ਇਸ ਵਿੱਚ ਪ੍ਰਮੋਦ ਦਾ ਹਿੱਸਾ 28,200 ਕਰੋੜ ਰੁਪਏ ਹੈ। ਬ੍ਰਿਟੇਨ ਵਿੱਚ ਪਿੱਛੇ ਜਿਹੇ ਜਾਰੀ ਟਾਈਮ ਰਿਚ ਲਿਸਟ ਦੇ ਅਨੁਸਾਰ ਕਵੀਨਸ ਪਾਰਕ ਰੇਂਜਰਸ ਫੁੱਟਬਾਲ ਕਲੱਬ ਵਿੱਚ ਉਨ੍ਹਾਂ ਦੀ 20 ਫੀਸਦੀ ਹਿੱਸੇਦਾਰੀ ਹੈ ਅਤੇ ਉਸ ਦੀ ਲਾਗਤ 50 ਹਜ਼ਾਰ ਕਰੋੜ ਰੁਪਏ ਹੈ। ਵੱਡੇ ਭਰਾ ਲਕਸ਼ਮੀ ਮਿੱਤਲ ਬ੍ਰਿਟੇਨ ਦੇ 19ਵੇਂ ਸਭ ਤੋਂ ਅਮੀਰ ਆਦਮੀ ਹਨ। ਉਹ ਬ੍ਰਿਟੇਨ ਦੇ ਪੌਸ਼ ਇਲਾਕੇ ਮੇਫੇਅਰ ਵਿੱਚ 2000 ਕਰੋੜ ਰੁਪਏ ਦੀ ਹਵੇਲੀ ਦੇ ਮਾਲਕ ਹੈ।

# ਸੁਨੀਲ ਜਾਖੜ ਦੇ ਕਹਿਣ ਮੁਤਾਬਕ ਕੈਪਟਨ ਅਮਰਿੰਦਰ ਨੇ ਰਸਤਾ ਦਿਖਾ ਦਿੱਤੈ



ਜਲੰਧਰ, 21 ਅਕਤੂਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਅਸੈਂਬਲੀ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦਾ ਪ੍ਰਭਾਵ ਖਤਮ ਕਰਨ ਲਈ ਪੇਸ਼ ਕੀਤੇ ਗਏ ਚਾਰ ਬਿੱਲਾਂ ਨੂੰ ਇਤਿਹਾਸਕ ਦੱਸਦੇ ਹੋਏ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਨੇ ਰਾਹ ਦਿਖਾ ਦਿੱਤਾ ਹੈ ਅਤੇ ਅੱਗੋਂ ਗੇਂਦ ਆਮ ਆਦਮੀ ਪਾਰਟੀ ਦੇ ਵਿਹੜੇ ਵਿੱਚ ਆ ਗਈ ਹੈ।

ਇਸ ਸੰਬੰਧ ਵਿੱਚ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਹੀ ਨਹੀਂ, ਹੋਰਨਾਂ ਸੂਬਾ ਸਰਕਾਰਾਂ ਨੂੰ ਵੀ ਆਪਣੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਵਿਧਾਨ ਸਭਾ ਵਿੱਚ ਅਜਿਹੇ ਮਤੇ ਲਿਆਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪਹਿਲ ਕੈਪਟਨ ਅਮਰਿੰਦਰ ਸਿੰਘ ਨੇ ਕਰ ਦਿੱਤੀ ਹੈ ਅਤੇ ਅੱਗੋਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਕੇਜਰੀਵਾਲ ਸਰਕਾਰ ਨੂੰ ਅਜਿਹਾ ਮਤਾ ਦਿੱਲੀ ਵਿਧਾਨ ਸਭਾ ਵਿੱਚ ਲਿਆ ਕੇ ਕੇਂਦਰ ਸਰਕਾਰ ਦੇ ਖੇਤੀ ਬਿੱਲਾਂ ਖ਼ਿਲਾਫ਼ ਸਟੈਂਡ ਲੈਣ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਆਮ ਆਦਮੀ ਪਾਰਟੀ ਦੇ ਵਿਧਾਇਕ ਪੰਜਾਬ ਵਿੱਚ ਕਾਫੀ ਹੱਲਾ ਮਚਾ ਰਹੇ ਸਨ, ਪਰ ਸਥਿਤੀ ਪੂਰੀ ਤਰ੍ਹਾਂ ਸਾਫ ਹੋ ਗਈ ਹੈ ਕਿ ਕੈਪਟਨ ਅਮਰਿੰਦਰ ਸਰਕਾਰ ਨੇ ਇਤਿਹਾਸਕ ਕਦਮ ਚੁੱਕ ਲਏ ਹਨ, ਜਿਸ ਦੀ ਪਾਲਣਾ ਕੇਜਰੀਵਾਲ ਸਰਕਾਰ ਨੂੰ ਕਰਨੀ ਬਣਦੀ ਹੈ। ਉਨ੍ਹਾਂ ਕਿਹਾ ਕਿ ਦੇਖਣਾ ਇਹ ਹੈ ਕਿ ਕੇਜਰੀਵਾਲ ਸਰਕਾਰ ਇਸ ਸਬੰਧੀ ਅੱਗੇ ਕੀ ਕਦਮ ਚੁੱਕਦੀ ਹੈ ਅਤੇ ਦਿੱਲੀ ਵਿੱਚ ਉਨ੍ਹਾਂ ਦਾ ਕੇਂਦਰ ਦੇ ਖੇਤੀ ਕਾਨੂੰਨਾਂ ਬਾਰੇ ਕੀ ਸਟੈਂਡ ਰਹਿੰਦਾ ਹੈ।

![ਪੰਜਾਬੀ ਪੋਸਟ]

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# 14 ਲੱਖ ਦੀ ਨਕਦੀ ਸਮੇਤ ਲੁਟੇਰੇ ਏ ਟੀ ਐਮ ਪੁੱਟ ਕੇ ਲੈ ਗਏ

ਜ਼ੀਰਕਪੁਰ, 21 ਅਕਤੂਬਰ (ਪੋਸਟ ਬਿਊਰੋ)- ਏਥੇ ਵੀ ਆਈ ਪੀ ਰੋਡ 'ਤੇ ਕੋਟਕ ਮਹਿੰਦਰਾ ਬੈਂਕ ਦਾ ਏ ਟੀ ਐਮ ਕੱਲ੍ਹ ਲੁਟੇਰੇ ਪੁੱਟ ਕੇ ਲੈ ਗਏ। ਇਸ ਏ ਟੀ ਐਮ ਵਿੱਚ 14 ਲੱਖ ਰੁਪਏ ਕੈਸ਼ ਸਨ। ਪੁਲਸ ਨੇ ਕੁਝ ਘੰਟਿਆਂ ਵਿੱਚ ਏ ਟੀ ਐਮ ਸਮੇਤ ਇੱਕ ਲੁਟੇਰੇ ਨੂੰ ਕਾਬੂ ਕਰ ਲਿਆ, ਪਰ ਉਨ੍ਹਾਂ ਦੇ ਤਿੰਨ ਸਾਥੀ ਫਰਾਰ ਹੋ ਗਏ।

ਇਸ ਬਾਰੇ ਐਸ ਪੀ ਦੇਹਾਤੀ ਰਵਜੋਤ ਸਿੰਘ ਨੇ ਦੱਸਿਆ ਕਿ ਸਵਿਤਰੀ ਹਾਈਟਸ-2 ਦੇ ਨੇੜੇ ਕੋਟਕ ਮਹਿੰਦਰਾ ਬੈਂਕ ਦੇ ਏ ਟੀ ਐਮ ਨੂੰ ਚਾਰ ਲੁਟੇਰੇ ਸਵੇਰੇ ਕਰੀਬ ਸਾਢੇ ਚਾਰ ਵਜੇ ਪੁੱਟ ਕੇ ਬੋਲੈਰੋ ਗੱਡੀ ਵਿੱਚ ਲੈ ਗਏ। ਘਟਨਾ ਦੀ ਸੂਚਨਾ ਬੈਂਕ ਦੇ ਕੋਲ ਇੱਕ ਢਾਬੇ ਵਾਲੇ ਨੇ ਪਟਿਆਲਾ ਰੋਡ 'ਤੇ ਆਪਣੇ ਸਾਥੀ ਕਰਮਚਾਰੀ ਨੂੰ ਦਿੱਤੀ। ਐਸ ਐਚ ਓ ਤੁਰੰਤ ਪੁਲਸ ਪਾਰਟੀ ਸਮੇਤ ਪਹੁੰਚੇ ਅਤੇ ਛਾਣਬੀਣ ਸ਼ੁਰੂ ਕੀਤੀ। ਪਤਾ ਲੱਗਾ ਹੈ ਕਿ ਪਟਿਆਲਾ ਰੋਡ ਉਤੇ ਲੁਟੇਰੇ ਏ ਟੀ ਐਮ ਨੂੰ ਘਸੀਟਦੇ ਹੋਏ ਇੱਕ ਸੁਨਸਾਨ ਜਗ੍ਹਾ ਲੈ ਗਏ, ਜਿੱਥੇ ਏ ਟੀ ਐਮ ਤੋੜਨ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਸੜਕ ਉੱਤੇ ਏ ਟੀ ਐਮ ਨੂੰ ਘਸੀਟਣ ਦੇ ਨਿਸ਼ਾਨ ਦੇਖੇ ਅਤੇ ਪਿੱਛਾ ਕਰਦੇ ਹੋਏ ਪੁਲਸ ਪਿੰਡ ਰਾਮਗੜ੍ਹ ਭੁਡਾ ਦੇ ਖੇਤਰ ਵਿੱਚ ਉਸ ਸੁਨਸਾਨ ਜਗ੍ਹਾ 'ਤੇ ਪਹੁੰਚੀ ਜਿੱਥੇ ਲੁਟੇਰੇ ਏ ਟੀ ਐਮ ਤੋੜਨ ਦੀ ਕੋਸ਼ਿਸ਼ ਕਰ ਰਹੇ ਸੀ। ਪੁਲਸ ਨੇ ਇੱਕ ਦੋਸ਼ੀ ਨੂੰ ਕਾਬੂ ਕਰ ਲਿਆ, ਜਦਕਿ ਬਾਕੀ ਦੋਸ਼ੀ ਫਰਾਰ ਹੋ ਗਏ।

# ਖੇਤੀ ਵਿਗਿਆਨੀ ਨੇ ਪੰਜਾਬ ਅਸੈਂਬਲੀ ਵਿੱਚ ਪੇਸ਼ ਹੋਏ ਖੇਤੀ ਬਿੱਲ ਨੂੰ ਕਿਸਾਨ ਹਿਤੈਸ਼ੀ ਕਿਹਾ

ਲੁਧਿਆਣਾ, 21 ਅਕਤੂਬਰ (ਪੋਸਟ ਬਿਊਰੋ)- ਇਸ ਮੰਗਲਵਾਰ ਦੇ ਦਿਨ ਵਿਧਾਨ ਸਭਾ ਵਿੱਚ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਰੱਦ ਕਰਨ ਦੀ ਅਪੀਲ ਕੀਤੀ ਅਤੇ ਇਨ੍ਹਾਂ ਕਾਨੂੰਨਾਂ ਦੇ ਵਿਰੁੱਧ ਤਿੰਨ ਬਿੱਲ ਪਾਸ ਕਰਵਾਏ ਹਨ। ਇਨ੍ਹਾਂ ਬਿੱਲਾਂ ਨਾਲ ਕਿਸਾਨਾਂ ਦੀ ਜਿਣਸ ਨੂੰ ਘੱਟੋ-ਘੱਟ ਸਮਰਥਨ ਮੁੱਲ ਉਤੇ ਖ਼ਰੀਦ ਨੂੰ ਯਕੀਨੀ ਬਣਾਇਆ ਗਿਆ ਅਤੇ ਜੇ ਕੋਈ ਵਪਾਰੀ ਕਣਕ ਅਤੇ ਝੋਨਾ ਸਮਰਥਨ ਮੁੱਲ ਤੋਂ ਘੱਟ ਮੁੱਲ 'ਤੇ ਖਰੀਦ ਕਰਦਾ ਹੈ ਤਾਂ ਉਸ ਨੂੰ ਤਿੰਨ ਸਾਲ ਕੈਦ ਤੇ ਜੁਰਮਾਨਾ ਹੋਵੇਗਾ। ਇਨ੍ਹਾਂ ਬਿੱਲਾਂ ਪਿੱਛੋਂ ਜੇ ਕਿਸਾਨ ਦਾ ਕਿਸੇ ਵਪਾਰੀ ਨਾਲ ਝਗੜਾ ਹੋਵੇ ਤਾਂ ਕਿਸਾਨ ਅਦਾਲਤ ਜਾ ਸਕਦਾ ਹੈ। ਕੇਂਦਰ ਸਰਕਾਰ ਵੱਲੋਂ ਲਾਜ਼ਮੀ ਵਸਤੂ ਨਿਯਮ ਵਿੱਚ ਦਿੱਤੀ ਢਿੱਲ ਦੇ ਹੱਲ ਲਈ ਵੀ ਬਿੱਲ ਪੇਸ਼ ਕੀਤਾ ਗਿਆ ਹੈ ਤਾਂ ਜੋ ਕਾਲਾ-ਬਾਜ਼ਾਰੀ ਨਾ ਹੋਵੇ। ਇਸ ਤਰ੍ਹਾਂ ਤਿੰਨ ਬਿੱਲ ਪਾਸ ਕੀਤੇ ਗਏ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਡਾ. ਗਿਆਨ ਸਿੰਘ ਨੇ ਇਸ ਬਾਰੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਹਾਲੇ ਇਹ ਬਿੱਲ ਵਿਧਾਨ ਸਭਾ 'ਚ ਪੇਸ਼ ਕੀਤੇ ਗਏ ਹਨ, ਵੱਡੀ ਗੱਲ ਇਹ ਹੋਵੇਗੀ ਕਿ ਇਨ੍ਹਾਂ ਉੱਤੇ ਪੰਜਾਬ ਦੇ ਗਵਰਨਰ, ਕੇਂਦਰ ਸਰਕਾਰ ਅਤੇ ਰਾਸ਼ਟਰਪਤੀ ਦੀ ਕੀ ਪ੍ਰਤੀਕਿਰਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤ ਵਿੱਚ ਅਜਿਹੇ ਬਿੱਲ ਲਿਆਉਣੇ ਕਿਸਾਨ ਅਤੇ ਕਿਸਾਨਾਂ ਜਥੇਬੰਦੀਆਂ ਦੀ ਜਿੱਤ ਹੈ। ਇਸ ਨਾਲ ਕਿਸਾਨਾਂ ਨੂੰ ਆਪਣੀ ਜਿਣਸ ਦਾ ਸਮਰਥਨ ਮੁੱਲ ਮਿਲੇਗਾ ਅਤੇ ਕਿਸਾਨ ਲੋੜ ਪੈਣ ਉੱਤੇ ਅਦਾਲਤ ਵਿੱਚ ਵੀ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਇਨ੍ਹਾਂ ਬਿੱਲਾਂ ਤੋਂ ਬਾਅਦ ਕੇਂਦਰ ਸਰਕਾਰ ਦਾ ਕੀ ਰੁਖ ਹੁੰਦਾ ਹੈ। ਜੇ ਕੇਂਦਰ ਸਰਕਾਰ ਆਪਣਾ ਜ਼ਿਦੀ ਵਤੀਰਾ ਜਾਰੀ ਰੱਖਦੀ ਹੈ ਤਾਂ ਹੋ ਸਕਦਾ ਹੈ ਪੰਜਾਬ ਵਿੱਚੋਂ ਖਰੀਦ ਬੰਦ ਕਰ ਦੇਵੇ। ਫਿਰ ਪੰਜਾਬ ਸਰਕਾਰ ਅਨਾਜ ਨੂੰ ਸਾਂਭ ਕੇ ਕਿਵੇਂ ਰੱਖੇਗੀ ਤੇ ਵੱਡਾ ਸਵਾਲ ਇਹ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਲਈ ਜਿਹੜਾ ਪੈਸਾ ਕੇਂਦਰ ਸਰਕਾਰ ਦਿੰਦੀ ਹੈ, ਉਹ ਸੂਬਾ ਸਰਕਾਰ ਨਹੀਂ ਦੇ ਸਕਦੀ ਕਿਉਂਕਿ ਪੰਜਾਬ ਦਾ ਬਜਟ ਇਸ ਦੇ ਮੁਕਾਬਲੇ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਿੱਲਾਂ ਵਿੱਚ ਚੰਗੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਜਿਵੇਂ ਫੈਡਰਲ ਢਾਂਚੇ ਦੀ ਸੰਘੀ ਘੁੱਟ ਰਹੀ ਸੀ ਉਸ ਤੋਂ ਛੁਟਕਾਰਾ ਮਿਲੇਗਾ ਤੇ ਫੈਡਰਲ ਢਾਂਚਾ ਮਜ਼ਬੂਤ ਹੋਵੇਗਾ। ਪੰਜਾਬ ਅਜਿਹਾ ਪਹਿਲਾ ਸੂਬਾ ਹੈ ਜਿਸ ਨੇ ਕੇਂਦਰ ਦੇ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਬਿੱਲ ਪੇਸ਼ ਕੀਤੇ ਹਨ। ਇਹ ਬਾਕੀ ਸੂਬਿਆਂ ਲਈ ਵੀ ਮਿਸਾਲ ਹੋਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਦੇਖਣ ਯੋਗ ਹੋਵੇਗਾ ਕਿ ਬਾਕੀ ਸੂਬਾ ਸਰਕਾਰਾਂ ਖੇਤੀ ਕਾਨੂੰਨਾਂ ਸਬੰਧੀ ਆਪਣਾ ਕੀ ਰਵੱਈਆ ਰੱਖਦੀਆਂ ਹਨ।

# ਕੇਂਦਰੀ ਵਿੱਤ ਅਥਾਰਟੀ ਨੇ ਕਾਂਗਰਸੀ ਆਗੂ ਲਾਲੀ ਦੀ ਕੋਠੀ ਜ਼ਬਤ ਕਰਨ ਨੂੰ ਦਰੁਸਤ ਮੰਨਿਆ

ਜਲੰਧਰ, 21 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਜਲੰਧਰ ਦਿਹਾਤੀ ਦੇ ਕਾਰਜਕਾਰੀ ਪ੍ਰਧਾਨ ਸੁਖਵਿੰਦਰ ਸਿੰਘ ਲਾਲੀ ਦੀ ਕੋਠੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜ਼ਬਤ ਕਰਨ ਦੀ ਕਾਰਵਾਈ ਨੂੰ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੀ ਅਥਾਰਟੀ ਨੇ ਸਹੀ ਕਦਮ ਕਿਹਾ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਈ ਡੀ ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਇਸ ਦੋਸ਼ ਹੇਠ ਪਿੰਡ ਨੰਗਲ ਸ਼ਾਮਾਂ ਵਿੱਚ ਲਾਲੀ ਦੀ ਕੋਠੀ ਅਤੇ ਮਾਡਲ ਟਾਊਨ ਦੇ ਇੱਕ ਪ੍ਰਾਪਰਟੀ ਡੀਲਰ ਦੇ ਘਰ ਛਾਪਾ ਮਾਰਿਆ ਸੀ ਕਿ ਉਨ੍ਹਾਂ ਨੇ ਹਵਾਲਾ ਰਾਹੀਂ ਵਿਦੇਸ਼ ਵਿੱਚ ਰਕਮ ਭੇਜ ਕੇ ਕੈਨੇਡਾ ਦੇ ਬਰੈਂਪਟਨ ਵਿੱਚ 3.27 ਕਰੋੜ ਡਾਲਰ ਦੀ ਜਾਇਦਾਦ ਦੀ ਖ਼ਰੀਦ ਕੀਤੀ ਸੀ। ਇਸ ਕੇਸ 'ਚ ਦਸਤਾਵੇਜ਼ਾਂ ਨੂੰ ਸਹੀ ਪਾਏ ਜਾਣ ਪਿੱਛੋਂ ਈ ਡੀ ਦੀ ਟੀਮ ਨੇ ਪਹਿਲੀ ਜੁਲਾਈ 2020 ਨੂੰ ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ (ਫੇਮਾ) ਦੀ ਉਲੰਘਣਾ ਦੇ ਦੋਸ਼ 'ਚ ਨੰਗਲ ਸ਼ਾਮਾਂ ਵਿਚਲੀ ਕੋਠੀ ਜ਼ਬਤ ਕਰ ਲਈ ਸੀ। ਪਤਾ ਲੱਗਾ ਹੈ ਕਿ ਵਿਦੇਸ਼ ਵਿੱਚ ਜਿੰਨੇ ਮੁੱਲ ਦੀ ਜਾਇਦਾਦ ਦੀ ਖ਼ਰੀਦ ਕੀਤੀ ਗਈ, ਉਨੇ ਮੁੱਲ ਦੀ ਕਰੀਬ 2 ਕਰੋੜ ਰੁਪਏ ਦੇ ਮੁੱਲ ਵਾਲੀ ਕੋਠੀ ਨੰਗਲ ਸ਼ਾਮਾਂ 'ਚ ਜ਼ਬਤ ਕੀਤੀ ਗਈ ਸੀ।

ਇਹ ਮਾਮਲਾ ਵਿੱਤ ਮੰਤਰਾਲੇ 'ਚ ਅਥਾਰਟੀ ਕੋਲ ਗਿਆ ਸੀ, ਜਿਸ ਵਿੱਚ ਈ ਡੀ ਨੇ ਦਸਤਾਵੇਜ਼ ਪੇਸ਼ ਸਨ ਅਤੇ ਦੂਜੀ ਧਿਰ ਇਹ ਸਾਬਤ ਨਹੀਂ ਕਰ ਸਕੀ ਕਿ ਉਨ੍ਹਾਂ ਵੱਲੋਂ ਭੇਜੀ ਰਕਮ ਬੈਂਕ ਰਾਹੀਂ ਭੇਜੀ ਗਈ ਹੈ। ਇਸ ਕੇਸ ਬਾਰੇ ਈ ਡੀ ਵੱਲੋਂ ਅਗਲੇ ਕਦਮ ਵਜੋਂ ਜ਼ਬਤ ਕੀਤੀ ਗਈ ਕੋਠੀ ਦੀ ਬੋਲੀ ਕਰਵਾਈ ਜਾ ਸਕਦੀ ਹੈ ਜਾਂ ਜੁਰਮਾਨਾ ਲੱਗ ਸਕਦਾ ਹੈ।

MERCURY WANTED

ਬਹੁਤ ਸਾਰੇ ਪੁਰਾਣੇ ਉਤਪਾਦਾਂ ਵਿੱਚ ਪਾਰਾ ਹੁੰਦਾ ਹੈ
ਉਹਨਾਂ ਨੂੰ **ਮੁਫਤ ਵਿਚ ਰੀਸਾਈਕਲ ਕਰੋ** ਅਤੇ
ਪਾਰਾ ਨੂੰ ਵਾਤਾਵਰਣ ਤੋਂ ਬਾਹਰ ਰੱਖੋ

ਹੁਣ ਤੱਕ, ਪੀਲ ਦੇ ਖੇਤਰ ਨੇ 23,865 ਗ੍ਰਾਮ ਪਾਰਾ ਇਕੱਠਾ ਕੀਤਾ ਹੈ! ਤੁਹਾਡੀ ਸਹਾਇਤਾ ਨਾਲ, 15 ਲੱਖ ਤੋਂ ਵੱਧ ਓਲੰਪਿਕ ਤੈਰਾਕੀ ਪੂਲ ਦੇ ਬਰਾਬਰ ਦੇ ਮੁੱਲ ਦਾ ਪਾਣੀ ਅਤੇ ਜਲਮਾਰਗ ਨੂੰ ਝੀਲਾਂ ਵਿੱਚ ਸੁਰੱਖਿਅਤ ਕੀਤਾ ਗਿਆ ਸੀ



ਪਹਿਲੇ 600 ਵਸਨੀਕ ਆਪਣਾ ਪਾਰਾ ਉਤ਼ਪਾਦ *
ਨੂੰ ਸੁੱਟਣ ਤੇ' ਇੱਕ ਮੁਫਤ ਡਿਜੀਟਲ ਥਰਮਾਮੀਟਰ ਪ੍ਰਾਪਤ ਕਰਨਗੇ
One thermometer per car/per day. *Mercury lighting and batteries excluded.

- Loose Liquid Mercury
- Blood Pressure Gauges
- Relay Switches
- Thermostats
- Thermometers
- Float Switches
- Button-Cell Batteries
- Fluorescent Tubes†
- CFL Bulbs†

† Max. 40 per resident per day for mercury lighting

Ontario Trillium Foundation / Fondation Trillium de l'Ontario
An agency of the Government of Ontario / Un organisme du gouvernement de l'Ontario
scout ENVIRONMENTAL
Region of Peel working with you
Mercury Roundup

ਅੱਜ ਹੀ ਆਪਣੇ ਪਾਰਾ ਉਤਪਾਦਾਂ ਨੂੰ ਸਥਾਨਕ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਲਿਆਓ ।
ਵਧੇਰੇ ਜਾਣਕਾਰੀ ਲਈ **MercuryRoundup.ca/Peel** ਨੂੰ ਦੇਖੋ ।

ਫੈਂਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902
ਜਾਂ 647 794 6514

8 ਸਾਲਾਂ ਦਾ ਤਜ਼ਰਬਾ ।
ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN
GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

PUNJABI RANG RADIO




CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host

Serving the South Asian Community Since 1976

BEST CANADIAN TRUCK &
FORKLIFT TRAINING CENTRE
Registered as a Private Career College Under the Private Career College Act. 2005

BEST CANADIAN TRUCK & FORKLIFT TRAINING CENTRE



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ

*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

# ਸਿੱਖ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ

-ਡਾ. ਬੂਟਾ ਸਿੰਘ ਸੇਖੋਂ-

ਬਾਬਾ ਬੰਦਾ ਸਿੰਘ ਬਹਾਦਰ ਉਹ ਮਹਾਂ ਬਲੀ ਸੀ, ਜਿਸ ਦੇ ਯਤਨਾਂ ਸਦਕਾ ਛੋਟੀ ਜਿਹੀ ਕੌਮ ਪਹਿਲੀ ਵਾਰ ਇੱਕ ਰਾਜਸੀ ਸ਼ਕਤੀ ਵਜੋਂ ਉਭਰ ਕੇ ਸਾਹਮਣੇ ਆਈ ਸੀ। ਗੱਲ ਕੀ, ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਦੀ ਨੀਂਹ ਰੱਖੀ ਸੀ। ਆਪ ਨੇ ਸਿੱਖ ਸੰਗਠਨ, ਸਿੱਖ ਪ੍ਰਬੰਧ, ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਤੇ ਨਵੀਂ ਦਿੱਖ ਦਿੱਤੀ, ਪਰ ਅਫਸੋਸ ਦੀ ਗੱਲ ਹੈ ਕਿ ਸਮੇਂ ਦੇ ਮੁਗ਼ਲ ਹਾਕਮਾਂ, ਇਤਿਹਾਸਕਾਰਾਂ ਤੇ ਲੇਖਕਾਂ ਨੇ ਬਹੁਤ ਸਾਰੇ ਭੁਲੇਖੇ ਅਤੇ ਗਲਤ ਫਹਿਮੀਆਂ ਪੈਦਾ ਕੀਤੀਆਂ ਹਨ, ਜਿਨ੍ਹਾਂ ਨੇ ਇਤਿਹਾਸ ਦੇ ਇਸ ਲਾਸਾਨੀ ਨਾਇਕ ਦਾ ਅਕਸ ਧੁੰਦਲਾ ਕਰਨ ਦੀ ਹਿਮਾਕਤ ਕੀਤੀ ਹੈ। ਇਨ੍ਹਾਂ ਗਲਤ ਫਹਿਮੀਆਂ ਅਤੇ ਭੁਲੇਖਿਆਂ ਨੂੰ ਪਏ ਰਹਿਣ ਦੇਣਾ ਇਤਿਹਾਸ ਨਾਲ ਅਨਿਆਂ ਕਰਨਾ ਹੋਵੇਗਾ।

ਸਿੱਖ ਲਿਖਾਰੀਆਂ ਵਿੱਚੋਂ ਵੀ ਕਈ ਬਾਬਾ ਬੰਦਾ ਸਿੰਘ ਬਹਾਦਰ ਨਾਲ ਨਿਆਂ ਨਹੀਂ ਕਰ ਸਕੇ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਮੁੱਖ ਸਰੋਤ ਫਾਰਸੀ ਵਿੱਚ ਹਨ, ਪਰ ਕੁਝ ਸਰੋਤ ਗੁਰਮੁਖੀ ਲਿਪੀ ਵਿੱਚ ਵੀ ਹਨ। ਮੁੱਢਲੇ ਯੂਰਪੀਅਨ ਲੇਖਕਾਂ ਦੀਆਂ ਲਿਖਤਾਂ ਵਿੱਚ ਵੀ ਉਨ੍ਹਾਂ ਦੇ ਹਵਾਲੇ ਮਿਲਦੇ ਹਨ। ਅਖਬਾਰ-ਏ-ਦਰਬਾਰ-ਏ-ਮੁਅੱਲ ਬੰਦਾ ਸਿੰਘ ਬਹਾਦਰ ਦੇ ਘੋਲ ਬਾਰੇ ਜਾਣਕਾਰੀ ਦੇਣ ਵਾਲਾ ਸਭ ਤੋਂ ਮਹੱਤਵ ਪੂਰਨ ਸਮਕਾਲੀ ਫਾਰਸੀ ਸਰੋਤ ਹੈ, ਜੋ ਉਨ੍ਹਾਂ ਦੀਆਂ ਰੋਜ਼ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੰਦਾ ਹੈ। ਇਨ੍ਹਾਂ ਖਬਰਾਂ ਨੂੰ ਠਹਏ ਇੱਸੋ ਅਲ ਗਹਅਲ ਛੋਰਟ 1707-18 ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਦੇ ਅਕਤੂਬਰ 1984 ਦੇ ਜਰਨਲ "ਠਹਏ ਫੁਨਜਅਬ ਫਅਸਟ ਅਨਦ ਫਰਏਸਏਨਟ ਵਿੱਚ ਛਾਪਿਆ ਗਿਆ ਹੈ। 'ਅਸਰਾਰਿ ਸਮਦੀਦ' ਵੀ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਇੱਕ ਹੋਰ ਫਾਰਸੀ ਦਾ ਸਮਕਾਲੀ ਤੇ ਮਹੱਤਵ ਪੂਰਨ ਸਰੋਤ ਹੈ। ਪੰਜਾਬੀ ਯੂਨੀਵਰਸਿਟੀ ਵਿੱਚ ਇਸ ਦਾ ਪੰਜਾਬੀ ਵਿੱਚ ਅਨੁਵਾਦ ਵੀ ਕਰਵਾਇਆ ਗਿਆ ਹੈ। ਫਾਰਸੀ ਦੇ ਹੋਰ ਮੁੱਖ ਸਰੋਤਾਂ ਵਿੱਚ ਇਬਾਰਤਨਾਮਾ (ਮਿਰਜ਼ਾ ਮੁਹੰਮਦ ਹਾਸ਼ੀ), ਤਜਕਰਾ-ਏ-ਇਰਾਦਤਖਾਨ (ਕ੍ਰਿਤ ਇਰਾਦਤ ਖਾਨ), ਤਾਰੀਖ-ਏ-ਮੁਹੰਮਦ ਸ਼ਾਹੀ (ਕ੍ਰਿਤ ਨਾਦਰ ਸ਼ਾਹ ਜ਼ਮਾਨੀ), ਸ਼ੀਅਰ-ਉਲ-ਮੁਤਾਖਰੀਨ (ਕ੍ਰਿਤ ਗੁਲਾਮ ਹੁਸੈਨ), ਤਜਕਰਾ-ਇ-ਸੁਲਾਤੀਨ-ਇ-ਚੁਗਤਾਈ (ਕ੍ਰਿਤ ਕਾਮਵਾਨ ਖਾਨ), ਦਸਤੂਰ ਉਲ ਇਨਸਾ (ਯਾਰ ਮੁਹੰਮਦ) ਫਰੱਖਸੀਅਰ ਨਾਮਾ (ਮੁਹੰਮਦ ਇਹਮਾਨ ਇਜ਼ਾਦ), ਫੁਰਹਤ ਨਾਮਾ-ਏ-ਸਮਦੀ ਆਦਿ ਸ਼ਾਮਲ ਹਨ। ਇਨ੍ਹਾਂ ਫਾਰਸੀ ਸਰੋਤਾਂ ਤੋਂ ਬਿਨਾਂ ਬਾਬਾ ਜੀ ਤੋਂ ਬਾਅਦ ਦੀਆਂ ਲਿਖਤਾਂ ਤੋਂ ਵੀ ਗਵਾਹੀਆਂ ਮਿਲਦੀਆਂ ਹਨ। ਕੇਸਰ ਸਿੰਘ ਛਿੱਬਰ ਦੀ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' ਪੰਜਾਬੀ ਦੀ ਸਭ ਤੋਂ ਪਹਿਲੀ ਅਤੇ ਇੱਕੋ-ਇੱਕ ਲਿਖਤ ਹੈ ਜਿਹੜੀ ਆਪ ਦੇ ਕੁਝ ਨੇੜੇ ਦੀ ਮੰਨੀ ਜਾ ਸਕਦੀ ਹੈ। ਸਰੂਪ ਦਾਸ ਭੱਲਾ ਰਚਿਤ 'ਮਹਿਮਾ ਪ੍ਰਕਾਸ਼', ਰਤਨ ਸਿੰਘ ਭੰਗੂ ਰਚਿਤ 'ਪ੍ਰਾਚੀਨ ਪੰਥ ਪ੍ਰਕਾਸ਼', ਸੰਤੋਖ ਸਿੰਘ ਰਚਿਤ 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ', ਗਿਆਨੀ ਗਿਆਨ ਸਿੰਘ ਰਚਿਤ 'ਗੁਰੂ ਪੰਥ ਪ੍ਰਕਾਸ਼' ਆਦਿ ਬੰਦਾ ਬਹਾਦਰ ਬਾਰੇ ਗੁਰਮੁਖੀ ਦੇ ਸਰੋਤ ਹਨ, ਪਰ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਦੇ ਲੇਖਕਾਂ ਦਾ ਝੁਕਾਅ ਵੀ ਇਕਤਰਫਾ ਰਿਹਾ ਹੈ ਅਤੇ ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਨੂੰ ਨਾਂਹ-ਪੱਖੀ ਰੂਪ ਵਿੱਚ ਪੇਸ਼ ਕੀਤਾ ਹੈ।



ਡਾ. ਗੰਡਾ ਸਿੰਘ ਨੇ ਬੰਦਾ ਸਿੰਘ ਬਹਾਦਰ ਬਾਰੇ ਸਮਕਾਲੀ ਸੋਮਿਆਂ ਦੀ ਪੜਚੋਲ ਕਰ ਕੇ ਵੇਰਵੇ ਦੇਣ ਦਾ ਦਾਅਵਾ ਕੀਤਾ ਹੈ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਉਰਦੂ ਅਤੇ ਹਿੰਦੀ ਵਿੱਚ ਵੀ ਵੇਰਵੇ ਮਿਲ ਜਾਂਦੇ ਹਨ। ਉਰਦੂ ਲਿਖਤਾਂ 'ਚ ਤਾਰੀਖ-ਏ-ਪੰਜਾਬ (ਕ੍ਰਿਤ ਘਨੱਈਆ ਲਾਲ) ਮੁੱਖ ਹੈ, ਪਰ ਇਸ ਨੂੰ ਸਮਕਾਲੀ ਵੇਰਵਿਆਂ ਦੇ ਆਧਾਰ 'ਤੇ ਨਹੀਂ ਮੰਨਿਆ ਜਾ ਸਕਦਾ। ਹਿੰਦੀ ਦੀ ਲਿਖਤ 'ਵੀਰ ਵੈਰਾਗੀ' (ਕ੍ਰਿਤ ਪਰਮਾਨੰਦ) ਅਜਿਹੀ ਰਚਨਾ ਹੈ ਜਿਸ ਨੇ ਅਨੇਕਾਂ ਭੁਲੇਖਿਆਂ ਨੂੰ ਜਨਮ ਦਿੱਤਾ ਹੈ। ਅੰਗਰੇਜ਼ੀ ਦੀਆਂ ਲਿਖਤਾਂ 'ਚੋਂ ਸਭ ਤੋਂ ਪਹਿਲੀ ਜਾਹਨ ਸ਼ਰਮਨ ਤੇ ਐਡਵਰਡ ਸਟੀਫਨਸਨ ਦਾ ਮਾਰਚ 1716 ਦਾ ਮਹੱਤਵ ਪੂਰਨ ਪੱਤਰ ਹੈ, ਜੋ ਬਾਬਾ ਜੀ ਦੀ ਸ਼ਹਾਦਤ ਦਾ ਅੱਖੀਂ ਡਿੱਠਾ ਹਾਲ ਪੇਸ਼ ਕਰਦਾ ਹੈ। ਇਸ ਤੋਂ ਬਿਨਾ ਮੈਲਕਮ ਦੀ ਰਚਨਾ 'ਸਕੈਚ ਆਫ ਸਿੱਖਸ', ਜੇਮਜ਼ ਬਰਾਊਨ ਦੀ ਰਚਨਾ 'ਹਿਸਟਰੀ ਆਫ ਦ ਓਰੀਜਨ ਐਂਡ ਦ ਪ੍ਰੋਗਰੈੱਸ ਆਫ ਦਾ ਸਿੱਖਸ', ਕਨਿੰਘਮ ਦੀ ਰਚਨਾ 'ਹਿਸਟਰੀ ਆਫ ਦ ਸਿੱਖਸ' ਵੀ ਮਿਲਦੀਆਂ ਹਨ। ਬਾਬਾ ਬੰਦਾ ਸਿੰਘ ਬਹਾਦਰ 'ਤੇ ਲੱਗੇ ਹੋਏ ਦਾਗ ਨੂੰ ਮਿਟਾਉਣ ਲਈ ਵੀਹਵੀਂ ਸਦੀ ਵਿੱਚ ਕੁਝ ਇਤਿਹਾਸਕਾਰਾਂ ਵੱਲੋਂ ਉਪਰਾਲੇ ਕੀਤੇ ਗਏ ਹਨ।

ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ 'ਟਰਾਂਸਫਾਰਮੇਸ਼ਨ ਆਫ ਸਿੱਖਇਜ਼ਮ' ਵਿੱਚ ਉਨ੍ਹਾਂ ਬਾਰੇ ਪੂਰਾ ਚੈਪਟਰ ਲਿਖਿਆ ਹੈ। ਸੰਨ 1937 ਵਿੱਚ ਹਰੀ ਰਾਮ ਗੁਪਤਾ ਨੇ ਆਪਣੀ ਪੁਸਤਕ 'ਹਿਸਟਰੀ ਆਫ ਸਿੱਖਸ' ਵਿੱਚ ਬਾਬਾ ਜੀ ਬਾਰੇ ਪੂਰਾ ਚੈਪਟਰ ਹੈ। ਇਨ੍ਹਾਂ ਇਤਿਹਾਸਕਾਰਾਂ ਦੀਆਂ ਲਿਖਤਾਂ 'ਚ ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਨੂੰ ਸਹੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਡਾ. ਸੁਖਦਿਆਲ ਸਿੰਘ ਨੇ ਉਨ੍ਹਾਂ ਬਾਰੇ ਕਈ ਪੁਸਤਕਾਂ 'ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ-ਇਤਿਹਾਸਕ ਅਧਿਐਨ', 'ਬੰਦਾ ਸਿੰਘ ਬਹਾਦਰ ਦਾ ਖਾਲਸਾ ਇਨਕਲਾਬ' ਨਾਲ ਉਨ੍ਹਾਂ ਦੀ ਸਾਰਥਕ ਤਸਵੀਰ ਪੇਸ਼ ਕਰਨ ਵਿੱਚ ਸ਼ਲਾਘਾ ਯੋਗ ਹੰਭਲਾ ਮਾਰਿਆ ਹੈ। ਬੰਦਾ ਸਿੰਘ ਬਹਾਦਰ ਸਵੈ-ਵਿਸ਼ਵਾਸ ਨਾਲ ਲਬਰੇਜ਼, ਲਾਸਾਨੀ ਤਾਕਤ ਦੇ ਮਾਲਕ, ਰਾਜਸ਼ਾਹੀ ਲਾਲਸਾਵਾਂ ਤੋਂ ਪੂਰੀ ਤਰ੍ਹਾਂ ਹਟ ਕੇ ਇਕ ਮਹਾਂਬਲੀ ਖਾਲਸਾ ਹੋਏ ਹਨ। ਉਹ ਇੱਕ ਅਜਿਹੀ ਸ਼ਖਸੀਅਤ ਹੋਏ ਹਨ ਜਿਨਾਂ ਨੇ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਸਿੱਖ ਕੌਮ ਦੀ ਵਾਗ ਸੰਭਾਲੀ। ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਦਾ ਰਾਜਨੀਤਕ ਨੇਤਾ ਐਲਾਨ ਕੇ ਪੰਜ ਪਿਆਰਿਆਂ ਨਾਲ ਪੰਜਾਬ ਭੇਜਿਆ ਸੀ। ਗੁਰੂ ਜੀ ਵੱਲੋਂ ਥਾਪੇ ਗਏ ਇਸ ਨੇਤਾ ਦੇ ਆਗਮਨ ਦੀ ਖਬਰ ਸੁਣ ਕੇ ਸੰਗਤ 'ਚ ਨਵੀਂ ਰੂਹ ਆ ਗਈ। ਜਿਹੜੀ ਸੰਗਤ ਗੁਰੂ ਜੀ ਦੇ ਵਿਯੋਗ ਕਾਰਨ ਢੇਰੀ ਢਾਹ ਚੁੱਕੀ ਸੀ ਅਤੇ ਮੁਗਲਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੀ ਸੀ, ਉਸ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਹਨੇਰੇ ਵਿੱਚ ਪ੍ਰਕਾਸ਼ ਦੀ ਕਿਰਨ ਦਾ ਕੰਮ ਕੀਤਾ ਜਿਸ ਨੇ ਬਾਅਦ ਵਿੱਚ ਮੁਗਲਾਂ ਦੇ ਹਨੇਰੇ ਖਤਮ ਕਰ ਕੇ ਨਵਾਂ ਚਾਨਣ ਫੈਲਾਇਆ ਸੀ। ਸਿੱਖਾਂ ਨੇ ਉਨ੍ਹਾਂ ਦੀ ਅਗਵਾਈ ਹੇਠ ਮੁਗਲਾਂ ਨੂੰ ਆਪਣੀ ਸ਼ਕਤੀ ਦਾ ਲੋਹਾ ਮੰਨਵਾਇਆ ਸੀ।

ਗੰਡਾ ਸਿੰਘ ਲਿਖਦੇ ਹਨ, 'ਉਹ (ਬੰਦਾ ਸਿੰਘ ਬਹਾਦਰ) ਪੰਜਾਬ ਵਿੱਚ ਮੁਗ਼ਲਾਂ ਦੇ ਅਸਹਿਣਸ਼ੀਲ ਸ਼ਾਸਨ ਨੂੰ ਸਖਤ ਚੋਟ ਲਾਉਣ ਵਾਲਾ ਅਤੇ ਪ੍ਰਾਂਤ 'ਚ ਸਿੱਖਾਂ ਦੀ ਜਿੱਤ ਦੀ ਢੀਮ ਮਾਰਨ ਵਾਲਾ ਪਹਿਲਾਂ ਆਦਮੀ ਸੀ। ਭਾਵੇਂ ਉਸ ਦੀ ਮੌਤ ਤੋਂ ਚਾਲੀ ਸਾਲ ਬਾਅਦ ਲਾਹੌਰ ਦੀ ਰਾਜਧਾਨੀ ਸਿੱਖਾਂ ਦੇ ਹੱਥ ਆਈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਰਾਜ ਦਾ ਨੀਂਹ-ਪੱਥਰ ਬਾਬਾ ਬੰਦਾ ਸਿੰਘ ਬਹਾਦਰ ਨੇ ਰੱਖਿਆ। ਇਤਿਹਾਸਕਾਰਾਂ ਅਨੁਸਾਰ ਉਨ੍ਹਾਂ ਦਾ ਸਿੱਖ ਇਤਿਹਾਸ ਵਿੱਚ ਉਹੀ ਸਥਾਨ ਹੈ, ਜਿਹੜਾ ਯੂਨਾਨ ਦੇ ਇਤਿਹਾਸ ਵਿੱਚ ਅਲੈਗਜੈਂਡਰ ਦਾ, ਫਰਾਂਸ ਦੇ ਇਤਿਹਾਸ ਵਿੱਚ ਨੈਪੋਲੀਅਨ ਤੇ ਰੂਸ ਦੇ ਇਤਿਹਾਸ ਵਿੱਚ ਲੈਨਿਨ ਦਾ ਹੈ। ਜਿੱਥੋਂ ਤੱਕ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸੈਨਿਕ ਜਿੱਤਾਂ ਦਾ ਸਬੰਧ ਹੈ, ਉਨ੍ਹਾਂ ਨੇ ਆਪਣੇ ਸਮੇਂ ਵਿੱਚ ਤਿੰਨ ਮੁਗ਼ਲ ਬਾਦਸ਼ਾਹਾਂ ਨੂੰ ਵਖਤ ਪਾਈ ਰੱਖਿਆ ਅਤੇ ਮੁਗਲਾਂ ਦੇ ਅਜੇਤੂ ਮੰਨੇ ਜਾਂਦੇ ਇਲਾਕਿਆਂ ਵਿੱਚ ਫਤਿਹ ਕਰ ਕੇ ਆਪਣਾ ਲੋਹਾ ਮੰਨਵਾਇਆ। ਉਨ੍ਹਾਂ ਦੀਆਂ ਜਿੱਤਾਂ ਸਦਕਾ ਸਿੱਖ ਰਾਜ ਦੀ ਸਥਾਪਤੀ ਦਾ ਰਾਹ ਖੁੱਲ੍ਹਿਆ। ਇਥੋਂ ਤੱਕ ਕਿ ਇਨ੍ਹਾਂ ਜਿੱਤਾਂ ਨੇ ਸਿੱਖ ਕੌਮ ਵਿੱਚ ਅਜਿਹੀ ਰੂਹ ਫੂਕੀ ਕਿ ਉਹ ਸੰਗਠਤ ਹੁੰਦੇ ਗਏ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਆਪਣਾ ਵੱਖਰਾ ਸਿੱਖ ਰਾਜ ਕਾਇਮ ਕਰ ਸਕੇ। ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਇੱਕ ਸੈਨਿਕ ਕਮਾਂਡਰ ਦੀਆਂ ਜਿੱਤਾਂ ਸਨ, ਨਾ ਕਿ ਕਿਸੇ ਕਰਾਮਾਤੀ ਦੀਆਂ। ਕੁਝ ਲੇਖਕਾਂ ਵੱਲੋਂ ਉਨ੍ਹਾਂ ਨੂੰ ਕਰਾਮਾਤੀ ਦੱਸਣਾ ਇੰਝ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਨੇ ਇਸ ਮਹਾਂ ਨਾਇਕ ਦਾ ਨਿਰਾਦਰ ਕੀਤਾ ਹੋਵੇ।

ਬਾਬਾ ਬੰਦਾ ਸਿੰਘ ਬਹਾਦਰ ਦਾ ਅਸਲ ਟਕਰਾਅ ਮਜ਼ਬੀ ਵਿਤਕਰਿਆਂ ਤੋਂ ਉਪਰ ਉਠ ਕੇ ਜਬਰ ਜ਼ੁਲਮ ਨਾਲ ਸੀ। ਉਨ੍ਹਾਂ ਨੇ ਹਮੇਸ਼ਾ ਸਮਾਜਕ, ਆਰਥਿਕ ਅਤੇ ਰਾਜਨੀਤਕ ਕਦਰਾਂ ਕੀਮਤਾਂ ਦੀ ਕਾਇਮੀ ਲਈ ਜੂਝਣ ਦਾ ਪ੍ਰਣ ਲਿਆ ਸੀ। ਉਨ੍ਹਾਂ ਨੇ ਦੱਬੇ ਕੁਚਲੇ, ਨਿਮਾਣੇ, ਨਿਆਸਰੇ ਲੋਕਾਂ ਦੀ ਆਜ਼ਾਦੀ ਅਤੇ ਸੁੱਖ-ਸ਼ਾਂਤੀ ਦੇ ਲਈ ਸੰਘਰਸ਼ ਕੀਤਾ। ਉਨ੍ਹਾਂ ਨੇ ਜ਼ਿਮੀਂਦਾਰੀ ਪ੍ਰਥਾ ਨੂੰ ਖਤਮ ਕਰ ਕੇ ਵਾਹੀਕਾਰਾਂ ਨੂੰ ਜ਼ਮੀਨ ਦੇ ਮਾਲਕ ਬਣਾਇਆ। ਇਸ ਤਰ੍ਹਾਂ ਇਸ ਮਹਾਨ ਸੂਰਬੀਰ ਯੋਧੇ ਨੇ ਨਾ ਸਿਰਫ ਜ਼ੁਲਮ ਦਾ ਖਾਤਮਾ ਕੀਤਾ, ਬਲਕਿ ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਵੀ ਉਖਾੜ ਕੇ ਰੱਖ ਦਿੱਤਾ।

## ਮਿੰਨੀ ਕਹਾਣੀ

### ਜਨਮ ਦਿਨ

-ਰਣਜੀਤ ਕੌਰ ਬਾਜਵਾ

"ਮੈਨੂੰ ਕੀ ਪਤਾ ਸੀ ਪੁੱਤ, ਪਿਓ ਤੇਰਾ ਇਸ ਤਰ੍ਹਾਂ ਵਰ੍ਹੇਗਾ, ਮੈਂ ਤਾਂ ਸੋਚਿਆ ਕਿ ਚੱਲ ਨਿਆਣੇ ਮੂੰਹ ਮਿੱਠਾ ਕਰ ਲੈਣਗੇ, ਪਰ... ਇਸ ਨੂੰ ਪਤਾ ਨਹੀਂ ਕਿੱਥੋਂ ਭਿਣਕ ਪੈ ਗੀ?" ਰਾਹੁਲ ਦੀ ਮਾਂ ਚੁੰਨੀ ਨਾਲ ਪਸੀਨਾ ਪੂੰਝਦੀ ਹੋਈ ਰਾਹੁਲ ਦੇ ਸਿਰ 'ਤੇ ਹੱਥ ਫੇਰਦਿਆਂ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰ ਰਹੀ ਸੀ।

ਰਾਹੁਲ ਆਪਣੇ ਘਰ ਤੋਂ ਥੋੜ੍ਹਾ ਹਟਵੇਂ ਇੱਕ ਢੱਠੇ ਜਿਹੇ ਖੋਲ਼ੇ ਵਿੱਚ ਆਪਣੀ ਮਾਂ ਨਾਲ ਆਪਣੇ ਸ਼ਰਾਬੀ ਪਿਤਾ ਦੀ ਕੁੱਟ ਤੋਂ ਬਚਣ ਲਈ ਲੁਕਿਆ ਸੀ। ਉਸ ਦਾ ਪਿਤਾ ਸ਼ਰਾਬੀ ਸੀ ਜਿਸ ਕਰ ਕੇ ਘਰ ਵਿੱਚ ਅੱਤ ਦੀ ਗਰੀਬੀ ਸੀ, ਪੈਸਿਆਂ ਲਈ ਉਹ ਰਾਹੁਲ ਅਤੇ ਮਾਂ ਨੂੰ ਰੋਜ਼ ਤੰਗ ਕਰਦਾ ਸੀ ਅਤੇ ਜੋ ਵੀ ਦੋਵੇਂ ਥੋੜ੍ਹਾ ਬਹੁਤ ਕਮਾਉਂਦੇ ਉਹ ਸ਼ਰਾਬ ਵਿੱਚ ਉਜਾੜ ਦਿੰਦਾ। ਅੱਜ 26 ਅਪ੍ਰੈਲ ਰਾਹੁਲ ਦਾ ਜਨਮ ਦਿਨ ਸੀ ਅਤੇ ਉਹ ਅੱਠਵੀਂ ਜਮਾਤ ਵਿੱਚ ਪਿੰਡ ਦੇ ਸਰਕਾਰੀ ਮਿਡਲ ਸਕੂਲ ਵਿੱਚ ਪੜ੍ਹਦਾ ਸੀ, ਪਰ ਕੋਰੋਨਾ ਕਾਰਨ ਸਕੂਲ ਬੰਦ ਸਨ। ਰਾਹੁਲ ਸਕੂਲ ਨਹੀਂ ਸੀ ਜਾ ਰਿਹਾ ਜਿਸ ਕਰ ਕੇ ਉਸ ਦੀ ਮਾਂ ਨੇ ਉਸ ਨੂੰ ਦੋਸਤਾਂ ਵਿੱਚ ਵੰਡਣ ਲਈ ਟਾਫੀਆਂ ਦਾ ਪੈਕੇਟ ਲੈ ਦਿੱਤਾ ਸੀ, ਪਰ ਉਸ ਦੀ ਮਾਂ ਨੇ ਉਸ ਦੇ ਪਿਤਾ ਦੇ ਮੰਗਣ 'ਤੇ ਉਸ ਨੂੰ ਪੈਸੇ ਨਹੀਂ ਦਿੱਤੇ ਸਨ ਜਿਸ ਕਰ ਕੇ ਉਹ ਬਹੁਤ ਗੁੱਸੇ ਵਿੱਚ ਸੀ। ਰਾਹੁਲ ਸੋਚ ਰਿਹਾ ਸੀ ਕਿ ਪਿਛਲੇ ਸਾਲ ਸਕੂਲ ਵਿੱਚ ਉਸ ਦੇ ਅਧਿਆਪਕਾਂ ਵੱਲੋਂ ਮਨਾਏ ਉਸ ਦੇ ਜਨਮ ਦਿਨ ਵਾਲਾ ਦਿਨ ਕਿੰਨਾ ਚੰਗਾ ਸੀ, ਜਦੋਂ ਮੈਡਮ ਜੀ ਬਿਨਾਂ ਦੱਸੇ ਟਾਫੀਆਂ ਦਾ ਪੈਕੇਟ ਲੈ ਆਏ ਸਨ। ਸਭ ਨੂੰ ਵੰਡਣ ਪਿੱਛੋਂ ਮੈਡਮ ਨੇ ਉਸ ਨੂੰ ਕਿੰਨੇ ਸੋਹਣੇ ਪੈਨ ਅਤੇ ਸਰ ਹੁਰਾਂ ਨੇ ਕਾਪੀਆਂ ਦਿੱਤੀਆਂ ਸਨ, ਕਿੰਨੀਆਂ ਤਾੜੀਆਂ ਵੱਜੀਆਂ ਸਨ। ਉਹ ਖੁਸ਼ ਸੀ। ਸੋਚਦਾ ਸੀ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਕਿੰਨਾ ਲਗਾਓ ਕਰਦੇ ਹਨ, ਕਿੰਨੀ ਖੁਸ਼ੀ ਮਿਲਦੀ ਸੀ ਸਕੂਲ ਵਿੱਚ। ਹੁਸ਼ਿਆਰ ਵਿਦਿਆਰਥੀ ਹੋਣ ਕਰ ਕੇ ਭਾਵੇਂ ਅਜੇ ਵੀ ਉਹ ਗੁਆਂਢੀ ਰਵੀ ਦੇ ਫੋਨ ਤੋਂ ਸਾਰਾ ਕੰਮ ਅਤੇ ਟੈਸਟ ਲਗਾਤਾਰ ਕਰ ਲੈਂਦਾ ਹੈ, ਪਰ ਸਕੂਲ ਲੱਗਣ ਵੇਲੇ ਥੋੜ੍ਹਾ ਜਿਹਾ ਕੰਮ ਕਰ ਕੇ ਵਿਖਾਉਣ ਨਾਲ ਮਿਲਦੀ ਸ਼ਾਬਾਸ਼, ਬੱਲੇ ਓਏ, ਵਾਹ, ਸ਼ੇਰਾ, ਵਰਗੇ ਅਧਿਆਪਕਾਂ ਦੇ ਸ਼ਬਦ ਘਰਦਿਆਂ ਦੀਆਂ ਸਾਰੀਆਂ ਗਾਲ੍ਹਾਂ, ਲਾਹਨਤਾਂ ਅਤੇ ਕਲੇਸ਼ ਭੁਲਾ ਦਿੰਦੀਆਂ ਸਨ।

"ਚੱਲ ਪੁੱਤ ਲੱਗਦਾ ਤੇਰਾ ਪਿਓ ਟਿਕ ਗਿਆ ਏ।" ਰਾਹੁਲ ਦੀ ਸੋਚਾਂ ਦੀ ਲੜੀ ਉਸ ਦੀ ਮਾਂ ਦੇ ਇਨ੍ਹਾਂ ਸ਼ਬਦਾਂ ਨੇ ਤੋੜ ਦਿੱਤੀ ਅਤੇ ਉਹ ਆਪਣੀ ਮਾਂ ਨਾਲ ਕਦੋਂ ਸਕੂਲ ਜਾਵੇਗਾ ਅਤੇ ਅਧਿਆਪਕਾਂ ਨੂੰ ਮਿਲੇਗਾ ਅਧਿਆਪਕ ਉਸ ਦਾ ਜਨਮ ਦਿਨ ਮਨਾਉਣਗੇ ਅਤੇ ਤਾੜੀਆਂ ਤੇ ਪੈਨ, ਕਾਪੀਆਂ ਦੇ ਤੋਹਫੇ ਮਿਲਣਗੇ ਨਾਲੇ ਜਨਮ ਦਿਨ ਵਾਲੇ ਦਿਨ ਲੁਕਣਾ ਵੀ ਨਹੀਂ ਪਵੇਗਾ...ਇਹੋ ਸੋਚਾਂ ਸੋਚਦਾ ਹੋਇਆ ਉਹ ਉਠ ਕੇ ਤੁਰ ਪਿਆ।

## ਹਲਕਾ ਫੁਲਕਾ

ਪਤਨੀ (ਪਤੀ ਨੂੰ), "ਅੱਜ ਮੈਂ ਦੁਨੀਆ ਦੀ ਇੱਕ ਸੋਹਣੀ ਔਰਤ ਨੂੰ ਦੇਖਿਆ। ਇੰਨੀ ਸੋਹਣੀ ਲੱਗ ਰਹੀ ਸੀ ਕਿ ਮੈਂ ਦੱਸ ਨਹੀਂ ਸਕਦੀ।"
ਪਤੀ, "ਅੱਛਾ ਫਿਰ ਕੀ ਹੋਇਆ?"
ਪਤਨੀ, "ਫਿਰ ਕੀ? ਮੈਂ ਸ਼ੀਸ਼ੇ ਦੇ ਸਾਹਮਣਿਓਂ ਹਟ ਗਈ।"


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


## ਜਦੋਂ ਵਿਦਿਆਰਥੀ ਨੇ ਸ਼ਗਨ ਪਾਇਆ

-ਸਿਮਰਜੀਤ ਸਿੰਮੀ

ਵਿਦਿਆਰਥੀ ਜੀਵਨ ਦੌਰਾਨ ਮੈਨੂੰ ਆਪਣੇ ਕਈ ਅਧਿਆਪਕ ਚਾਨਣ-ਮੁਨਾਰੇ ਲੱਗਦੇ ਸਨ। ਉਨ੍ਹਾਂ ਦੀਆਂ ਸੰਦਲੀ ਪੈੜਾਂ 'ਤੇ ਚੱਲ ਕੇ ਮੈਂ ਵੀ ਅਧਿਆਪਕਾ ਬਣਨ ਦੇ ਸੁਫਨੇ ਲਿਆ ਕਰਦੀ ਸੀ। ਮੈਨੂੰ ਲੱਗਦਾ ਸੀ ਕਿ ਕਿਸੇ ਬੁੱਤ ਘਾੜੇ ਵਾਂਗ ਅਧਿਆਪਕ ਪੱਥਰਾਂ ਨੂੰ ਤਰਾਸ਼ ਕੇ ਉਨ੍ਹਾਂ 'ਚੋਂ ਖੂਬਸੂਰਤ ਮੂਰਤੀਆਂ ਘੜ ਸਕਦੇ ਹਨ। ਪ੍ਰਾਚੀਨ ਕਾਲ ਦੇ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ 'ਗੁਰੂ-ਸ਼ਿਸ਼' ਵਾਲਾ ਮੰਨਿਆ ਜਾਂਦਾ ਸੀ। ਗੁਰੂਕੁਲ ਪ੍ਰਥਾ ਵੇਲੇ ਗੁਰ-ਦੀਖਿਆ, ਗੁਰ-ਦੱਖਣਾ ਦੀ ਮੁਥਾਜ ਨਹੀਂ ਸੀ। ਅੱਜ ਵਾਂਗ ਅਧਿਆਪਕੀ ਕਿੱਤਾ ਵਪਾਰ ਨਹੀਂ ਸੀ ਹੁੰਦਾ। ਗੁਰੂ-ਕੁਲ ਵਿੱਚ 'ਗੁਰਦੇਵ' ਜਗਿਆਸੂਆਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਸਾਰੀ ਹਯਾਤੀ ਲਾ ਦਿੰਦੇ ਸਨ। ਹਰ ਅਧਿਆਪਕ ਦੀ ਤਮੰਨਾ ਹੁੰਦੀ ਕਿ ਉਸ ਦੇ ਸ਼ਿਸ਼ ਉਸ ਤੋਂ ਕਿਤੇ ਵੱਡੇ ਮੁਕਾਮ 'ਤੇ ਪੁੱਜਣ, ਇਹੀ ਉਨ੍ਹਾਂ ਲਈ ਸਭ ਤੋਂ ਵੱਡਾ ਇਨਾਮ-ਇਕਰਾਮ ਜਾਂ ਸਨਮਾਨ ਹੁੰਦਾ ਸੀ।

'ਗੁਰੂ' ਸੰਸਕ੍ਰਿਤ ਦਾ ਸ਼ਬਦ ਹੈ। ਉਪਨਿਸ਼ਦਾਂ ਵਿੱਚ ਗੁਰੂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ-'ਗੁ' ਦਾ ਅਰਥ ਅੰਧਕਾਰ ਅਤੇ 'ਰੁ' ਦਾ ਅਰਥ ਦੂਰ ਕਰਨ ਵਾਲਾ ਹੈ। ਭਾਵ, ਅਧਿਆਪਕ ਆਪਣੇ ਸ਼ਿਸ਼ ਦੇ ਮਨ-ਮਸਤਕ ਵਿੱਚ ਦੀਵੇ ਬਾਲ ਕੇ ਉਸ ਅੰਦਰ ਪ੍ਰਕਾਸ਼ ਫੈਲਾਉਣ ਦਾ ਕੰਮ ਕਰਦਾ ਹੈ। ਸਮਾਜ ਦੇ ਅਜਿਹੇ ਰੋਸ਼ਨ ਦਿਮਾਗ ਲੋਕ ਚਾਨਣ ਮੁਨਾਰੇ ਕਹਾਉਂਦੇ ਹਨ। ਭਾਰਤ ਦੇ ਸਾਬਕਾ ਰਾਸ਼ਟਰਪਤੀ, ਜਿਨ੍ਹਾਂ ਦਾ ਜਨਮ ਦਿਨ 'ਅਧਿਆਪਕ ਦਿਵਸ' ਵਜੋਂ ਮਨਾਇਆ ਜਾਂਦਾ ਹੈ, ਨੇ ਅਧਿਆਪਕਾ ਨੂੰ ਸਿੱਖਿਆ, ਸਮਾਜਕ, ਆਰਥਿਕ ਤੇ ਸੱਭਿਆਚਾਰਕ ਤਬਦੀਲੀ ਦੇ ਵਾਹਕ ਵਜੋਂ ਪਰਿਭਾਸ਼ਿਤ ਕੀਤਾ ਹੈ। ਨਿਗੁਰੇ ਦੀ ਸਥਿਤੀ ਕੱਲਰੀ ਭੂਮੀ ਵਾਂਗ ਜਾਣੀ ਜਾਂਦੀ ਹੈ, ਜੋ ਕੁਝ ਵੀ ਪੈਦਾ ਕਰਨ ਦੇ ਯੋਗ ਨਹੀਂ ਹੁੰਦੀ।

ਅਧਿਆਪਕ ਨੂੰ 'ਚਾਨਣ ਦਾ ਵਣਜਾਰਾ' ਹੋਣ ਦਾ ਮਾਣ ਹਾਸਲ ਹੈ, ਜੋ ਅਗਿਆਨਤਾ ਦੀਆਂ ਬੰਦ ਖਿੜਕੀਆਂ ਖੋਲ੍ਹ ਕੇ ਆਪਣੇ ਸ਼ਿਸ਼ ਅੰਦਰ ਗਿਆਨ ਦੀ ਜੋਤ ਬਾਲਦਾ ਹੈ। ਇਹ ਮੈਂ ਆਪਣੇ ਸਤਿਕਾਰਤ ਅਧਿਆਪਕਾਂ ਬਾਰੇ ਸੋਚਿਆ ਕਰਦੀ ਸਾਂ। ਮੈਂ ਆਪਣੇ ਅਧਿਆਪਕਾਂ ਦੀਆਂ ਆਸਾਂ 'ਤੇ ਕਿੰਨਾ ਖਰਾ ਉੱਤਰੀ ਹਾਂ ਇਹ ਕਹਿਣਾ ਅਤਿ ਕਠਿਨ ਹੈ, ਪਰ ਜਦੋਂ ਕੋਈ ਪੁਰਾਣਾ ਵਿਦਿਆਰਥੀ ਉਚੇਚਾ ਮਿਲ ਕੇ ਸਤਿਕਾਰ ਦਿੰਦਾ ਹੈ ਤਾਂ ਰੂਹ ਸਰਸ਼ਾਰ ਹੋ ਜਾਂਦੀ ਹੈ। ਸੱਚ ਪੁੱਛੋਂ ਤਾਂ ਪੁਰਾਣੇ ਵਿਦਿਆਰਥੀਆਂ ਵੱਲੋਂ ਦਿਖਾਈ ਜਾਂਦੀ ਨਿਰਛਲ ਮੁਹੱਬਤ ਦੀ ਆਬਸ਼ਾਰ ਅੱਖਾਂ 'ਚੋਂ ਨੀਰ ਬਣ ਕੇ ਵਹਿਣ ਲੱਗਦੀ ਹੈ।

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਅੱਜ ਦੀ ਤਰ੍ਹਾਂ 'ਅਧਿਆਪਕ ਦਿਵਸ' ਅਤੇ 'ਵਿਸ਼ਵ ਅਧਿਆਪਕ ਦਿਵਸ' ਮੌਕੇ ਅਧਿਆਪਕ ਸਨਮਾਨੇ ਨਹੀਂ ਜਾਂਦੇ ਸਨ ਅਤੇ ਨਾ ਸਨਮਾਨਿਤ ਅਧਿਆਪਕਾਂ 'ਤੇ ਕਿਸੇ ਕਿਸਮ ਦਾ ਕੋਈ ਕਿੰਤੂ-ਪ੍ਰੰਤੂ ਹੁੰਦਾ ਸੀ, ਬਲਕਿ ਪੂਰੇ ਇਲਾਕੇ ਵਿੱਚ ਚੁੰਝ-ਚਰਚਾ ਅਧੀਨ ਉਸ ਕਾਬਲ ਅਧਿਆਪਕ ਦੀ ਖੂਬ ਪ੍ਰਸ਼ੰਸਾ ਹੁੰਦੀ ਸੀ। ਮੈਂ ਵਿਆਹ ਹੋਣ ਤੋਂ ਪਹਿਲਾਂ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਸੀ। ਸਾਰੇ ਬੱਚੇ ਮੈਨੂੰ ਬੇਇੰਤਹਾ ਪਿਆਰ ਕਰਦੇ ਸਨ ਅਤੇ ਸਾਰੇ ਹੀ ਮੈਨੂੰ ਦੀਦੀ ਕਹਿ ਕੇ ਬੁਲਾਉਂਦੇ ਸਨ। ਫਿਰ ਸਰਕਾਰੀ ਨੌਕਰੀ ਮਿਲਣ ਕਰ ਕੇ ਉਹ ਸਕੂਲ ਛੱਡਣਾ ਪਿਆ। ਨਵੇਂ ਸਕੂਲ ਵਿੱਚ ਨਵੇਂ ਵਿਦਿਆਰਥੀਆਂ ਵਾਲ ਵਾਹ ਪਿਆ। ਉਥੋਂ ਵੀ ਅਸੀਮ ਪਿਆਰ ਮਿਲਿਆ। ਵਿਆਹ ਹੋਣ ਤੋਂ ਬਾਅਦ ਬਦਲੀ ਸਹੁਰਿਆਂ ਦੇ ਨਜ਼ਦੀਕ ਪਿੰਡ ਵਿੱਚ ਹੋ ਗਈ ਅਤੇ ਪੁਰਾਣੇ ਵਿਦਿਆਰਥੀ ਦੂਰ ਹੋ ਗਏ।

ਇੱਕ ਦਿਨ ਬੇਹੱਦ ਹੈਰਾਨੀ ਹੋਈ ਕਿ ਪ੍ਰਾਈਵੇਟ ਸਕੂਲ ਵਿੱਚ ਛੇਵੀਂ ਜਮਾਤ ਵਿੱਚ ਪੜ੍ਹਦਾ ਵਿਦਿਆਰਥੀ, ਜੋ ਵੱਡਾ ਹੋ ਗਿਆ ਸੀ, ਮੈਨੂੰ ਮਿਲਣ ਆਇਆ। ਮੈਂ ਉਸ ਨੂੰ ਪੁੱਛਿਆ, "ਜਗਜੀਤ ਤੈਨੂੰ ਕਿਵੇਂ ਪਤਾ ਲੱਗਾ ਕਿ ਮੈਂ ਇੱਥੇ ਪੜ੍ਹਾਉਂਦੀ ਹਾਂ।" ਉਸ ਦਾ ਉੱਤਰ ਬੇਹੱਦ ਹੈਰਾਨੀ ਜਨਕ ਸੀ। ਉਸ ਨੇ ਕਿਹਾ, "ਦੀਦੀ! ਇਸ ਪਿੰਡ ਵਿਚ ਮੇਰੇ ਨਾਨਕੇ ਹਨ। ਕੱਲ੍ਹ ਸ਼ਾਮ ਨੂੰ ਮੇਰੇ ਮਾਮੇ ਦਾ ਮੁੰਡਾ ਸਕੂਲ ਦਾ ਕੰਮ ਕਰ ਰਿਹਾ ਸੀ। ਅਚਾਨਕ ਮੈਂ ਉਸ ਦਾ ਕੰਮ ਵੇਖਣ ਲੱਗ ਪਿਆ। ਚੈਕ ਕੀਤਾ ਹੋਇਆ ਕੰਮ ਵੇਖ ਕੇ ਮੈਂ ਆਪਣੇ ਮਾਮੇ ਦੇ ਮੁੰਡੇ ਨੂੰ ਕਿਹਾ ਕਿ ਅਮਨ, ਇਹ ਦਸਤਖਤ ਮੇਰੀ ਦੀਦੀ ਦੇ ਹਨ। ਉਨ੍ਹਾਂ ਵਰਗੇ ਦਸਤਖਤ ਹੋਰ ਕੋਈ ਨਹੀਂ ਕਰ ਸਕਦਾ। ਫਿਰ ਮੈਂ ਉਸ ਨੂੰ ਪੁੱਛਿਆ ਕਿ ਤੁਹਾਨੂੰ ਸਮਾਜਕ ਸਿੱਖਿਆ ਕੌਣ ਪੜ੍ਹਾਉਂਦਾ ਹੈ? ਉਸ ਨੇ ਤੁਹਾਡਾ ਜਿਹੜਾ ਨਾਂਅ ਦੱਸਿਆ, ਉਹ ਮੈਨੂੰ ਨਹੀਂ ਸੀ ਪਤਾ। ਉਹ ਕਹਿਣ ਲੱਗਾ, "ਦੀਦੀ! ਮੰਮੀ ਵਾਰ-ਵਾਰ ਮੈਨੂੰ ਵਾਪਸ ਜਾਣ ਲਈ ਜ਼ੋਰ ਪਾ ਰਹੇ ਸਨ, ਪਰ ਮੈਂ ਨਹੀਂ ਮੰਨਿਆ ਅਤੇ ਕਹਿੰਦਾ ਰਿਹਾ ਕਿ ਮੈਂ ਤਾਂ ਕੱਲ੍ਹ ਅਮਨ ਦਾ ਸਕੂਲ ਵੇਖ ਕੇ ਹੀ ਜਾਣਾ ਹੈ। ਮੇਰੀ ਜ਼ਿੱਦ ਉਨ੍ਹਾਂ ਨੇ ਮੰਨ ਲਈ। ਜਦੋਂ ਮੈਂ ਸਕੂਲ ਦੇ ਗੇਟ ਤੋਂ ਤੁਹਾਨੂੰ ਵੇਖਿਆ ਤਾਂ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ।" ਉਸ ਨੇ ਭੱਜ ਕੇ ਮੇਰੇ ਪੈਰੀਂ ਹੱਥ ਲਾਏ ਤਾਂ ਮੇਰੀ ਰੂਹ ਖਿੜ ਗਈ।

ਫਿਰ ਨਿੱਕੀਆਂ-ਨਿੱਕੀਆਂ ਮੋਹ ਭਰੀਆਂ ਗੱਲਾਂ ਕਰਨ ਤੋਂ ਬਾਅਦ ਕਹਿੰਦਾ; "ਅੱਛਾ ਦੀਦੀ! ਮੈਂ ਚੱਲਦਾਂ, ਮੇਰੇ ਮੰਮੀ ਜਾਣ ਦੀ ਕਾਹਲੀ ਕਰ ਰਹੇ ਸਨ।" ਜਾਣ ਲੱਗਿਆਂ ਉਹ ਵੀਹ ਰੁਪੇ ਮੈਨੂੰ ਦੇ ਕੇ ਕਹਿਣ ਲੱਗਾ ਕਿ ਮੈਂ ਵੀ ਤੁਹਾਡਾ ਭਰਾ ਈ ਹਾਂ। ਮੈਂ ਕਿਹਾ ਕਿ ਤੂੰ ਮੇਰੇ ਤੋਂ ਬਹੁਤ ਛੋਟਾ ਏਂ। ਨਾਲੇ ਮੈਂ ਆਪ ਕਮਾਉਂਦੀ ਹਾਂ। ਮੈਂ ਤੈਨੂੰ ਦੇਣਾ ਏਂ ਜਾਂ ਤੈਥੋਂ ਲੈਣਾ ਏ? ਪਰ ਵਾਰ-ਵਾਰ ਕਹਿਣ 'ਤੇ ਵੀ ਉਹ ਨਹੀਂ ਮੰਨਿਆ ਅਤੇ ਕਹਿੰਦਾ ਕਿ ਭਰਾ ਭੈਣਾਂ ਨੂੰ ਸ਼ਗਨ ਹੀ ਦਿੰਦੇ ਨੇ। ਮੈਂ ਉਸ ਦੇ ਦਿਲੀ ਪਿਆਰ ਤੇ ਸਤਿਕਾਰ ਦੀ ਕਦਰ ਕਰਦਿਆਂ ਵੀਹ ਰੁਪਏ ਫੜ ਲਏ। ਉਹਨੂੰ ਵੀ ਸ਼ਾਇਦ ਉਹ ਰੁਪਏ ਆਪਣੇ ਨਾਨਕਿਆਂ ਦੇ ਘਰੋਂ ਮਿਲੇ ਹੋਣਗੇ। ਅੱਜ ਵੀ ਉਸ ਵੱਲੋਂ ਦਿੱਤੇ ਸ਼ਗਨ ਰੂਪੀ ਵੀਹ ਰੁਪਏ ਮੈਂ ਕਿਸੇ ਵੱਡੇ ਸਨਮਾਨ ਵਾਂਗ ਸੰਭਾਲ ਕੇ ਰੱਖੇ ਹੋਏ ਹਨ। ਉਸ ਦੁਆਰਾ ਮੇਰੇ ਦਸਖਤ ਵੇਖ ਕੇ ਮੇਰੀ ਪਛਾਣ ਕਰਨ ਵਾਲੀ ਗੱਲ ਅੱਜ ਵੀ ਰੂਹਾਨੀ ਖੁਸ਼ੀ ਦਿੰਦੀ ਹੈ ਅਤੇ ਹਮੇਸ਼ਾ ਲੱਗਦੈ ਕਿ ਵਿਦਿਆਰਥੀਆਂ ਦੁਆਰਾ ਦਿੱਤਾ ਸਤਿਕਾਰ ਅਸਲੀ ਸਨਮਾਨ ਹੁੰਦਾ ਹੈ ਅਤੇ ਉਨ੍ਹਾਂ ਦਾ ਕਾਮਯਾਬ ਹੋਣਾ ਸੱਚਾ ਅਧਿਆਪਨ। ਇਸ ਵਿਦਿਆਰਥੀ ਵੱਲੋਂ ਮਿਲਿਆ ਵੀਹ ਰੁਪਿਆਂ ਦਾ ਸ਼ਗਨ ਮੈਨੂੰ ਸਦਾ ਆਪਣੇ ਫਰਜ਼ਾਂ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ। ਮੈਂ ਹੋਰ ਮਿਹਨਤ ਕਰਦੀ ਹਾਂ ਤੇ ਵਿਦਿਆਰਥੀਆਂ ਨੂੰ ਸਮਾਜਕ ਕਦਰਾਂ-ਕੀਮਤਾਂ ਸਿਖਾਉਣ ਦੀ ਕੋਸ਼ਿਸ਼ ਕਰਦੀ ਹਾਂ। ਪ੍ਰਾਚੀਨ ਸਮਾਂ ਤਾਂ ਅਸੀਂ ਦੇਖਿਆ ਨਹੀਂ, ਫਿਰ ਵੀ ਮੈਂ ਮਹਿਸੂਸ ਕਰ ਸਕਦੀ ਹਾਂ ਕਿ ਗੁਰੂਕੁਲ ਵਿੱਚ ਵੀ ਗੁਰੂ ਅਤੇ ਸ਼ਿਸ਼ ਦਰਮਿਆਨ ਅਵੱਸ਼ ਜਜ਼ਬਾਤੀ ਰਿਸ਼ਤਾ ਹੁੰਦਾ ਹੋਵੇਗਾ। ਅਜਿਹਾ ਰੂਹਾਨੀ ਰਿਸ਼ਤਾ ਜੋ ਸਭ ਗਿਣਤੀਆਂ ਮਿਣਤੀਆਂ ਤੋਂ ਉਪਰ ਹੁੰਦਾ ਹੋਵੇਗਾ।

## ਜਗਮੀਤ ਸਿੰਘ ਬਰਾੜ ਕਹਿੰਦੈ: ਜੇ 5 ਜੂਨ ਨੂੰ ਹਰਸਿਮਰਤ ਨੇ ਅਸਤੀਫ਼ਾ ਦਿੱਤਾ ਹੁੰਦਾ ਤਾਂ ਅਕਾਲੀ ਦਲ ਦਾ ਅਕਸ ਹੋਰ ਹੁੰਦਾ



ਕੋਟਕਪੂਰਾ, 21 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਤੇ ਲੀਡਰਸ਼ਿਪ ਤੋਂ ਹੋਈਆਂ ਬਹੁਤ ਵੱਡੀਆਂ ਗਲਤੀਆਂ, ਦਿੱਲੀ ਵੱਲੋਂ ਸ਼ੁਰੂ ਤੋਂ ਪੰਜਾਬ ਨਾਲ ਵਿਤਕਰਾ ਤੇ ਧੱਕੇਸ਼ਾਹੀ, ਪੈਰ-ਪੈਰ ’ਤੇ ਪੰਜਾਬੀਆਂ ਨਾਲ ਧੋਖੇ ਵਰਗੀਆਂ ਅਨੇਕਾਂ ਅਜਿਹੀਆਂ ਉਦਾਹਣਾਂ ਦਿੱਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਕਰਕੇ ਪੰਜਾਬੀਆਂ ਦਾ ਸਿਆਸਤਦਾਨਾਂ ਤੋਂ ਵਿਸ਼ਵਾਸ ਉਠਦਾ ਜਾ ਰਿਹਾ ਹੈ। ਇਹ ਗੱਲਾਂ ਜਗਮੀਤ ਸਿੰਘ ਬਰਾੜ ਨੇ ਕਹੀਆਂ ਹਨ।

ਇੱਕ ਨਿੱਜੀ ਟੀ ਵੀ ਚੈਨਲ ਨਾਲ ਗੱਲਬਾਤ ਕਰਨ ਮੌਕੇ ਕਾਂਗਰਸ ਛੱਡ ਕੇ ਅਕਾਲੀ ਦਲ ’ਚ ਸ਼ਾਮਲ ਹੋਏ ਸਾਬਕਾ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਆਰ ਐਸ ਐਸ, ਬੀ ਜੇ ਪੀ ਅਤੇ ਬਜਰੰਗ ਦਲ ਦੀਆਂ ਹਿੰਦੀ, ਹਿੰਦੂ ਅਤੇ ਹਿੰਦੂਤਵ ਦੇ ਨਾਂਅ ਉੱਤੇ ਭਾਰਤ ਵਿੱਚ ਜਾਤੀਵਾਦ ਫੈਲਾਉਣ ਵਾਲੀਆਂ ਹਰਕਤਾਂ ਦੇਸ਼ ਦੀ ਅਮਨ ਕਾਨੂੰਨ ਦੀ ਸਥਿਤੀ ਲਈ ਖ਼ਤਰਾ ਹੀ ਨਹੀਂ, ਦੁਖਦਾਇਕ, ਅਫ਼ਸੋਸਨਾਕ, ਚਿੰਤਾਜਨਕ ਅਤੇ ਸ਼ਰਮਨਾਕ ਹਨ।

ਇਸ ਮੌਕੇ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਜੇ ਹਰਸਿਮਰਤ ਕੌਰ ਬਾਦਲ ਨੇ ਖੇਤੀ ਸੋਧ ਬਿੱਲਾਂ ਦੇ ਵਿਰੋਧ ’ਚ 5 ਜੂਨ ਨੂੰ ਹੀ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੁੰਦਾ ਤਾਂ ਅੱਜ ਅਕਾਲੀ ਦਲ ਬਾਦਲ ਦਾ ਅਕਸ ਲੋਕਾਂ ਦੇ ਮਨਾਂ ’ਚ ਹੋਰ ਹੁੰਦਾ, ਪਰ ਅਸਤੀਫ਼ਾ ਦੇਣ ਅਤੇ ਭਾਜਪਾ ਦਾ ਸਾਥ ਛੱਡਣ ’ਚ ਦੇਰੀ ਨਾਲ ਪਾਰਟੀ ਨੂੰ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ’ਚ ਵੀ ਉਸ ਨੇ ਨਾਗਰਿਕਤਾ ਸੋਧ ਬਿੱਲ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਸੀ ਕਿ ਬੀ ਜੇ ਪੀ ਇਸ ਨਾਗਰਿਕਤਾ ਬਿੱਲ ਦੀ ਆੜ ’ਚ ਪੰਜਾਬ ਦੇ ਸ਼ਹੀਦਾਂ ਦੇ ਪਰਵਾਰਾਂ ਤੋਂ ਉਨ੍ਹਾਂ ਦੀ ਨਾਗਰਿਕਤਾ ਅਰਥਾਤ ਹੋਂਦ ਦੇ ਸਬੂਤ ਦੀ ਮੰਗ ਕਰੇਗੀ ਤਾਂ ਸਾਡੇ ਲਈ ਬਰਦਾਸ਼ਤ ਕਰਨਾ ਔਖਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਦੇਸ਼ ਦੇ ਵੱਡੇ 32 ਵਪਾਰੀ ਅਰਬਾਂ-ਖਰਬਾਂ ਰੁਪਿਆ ਲੈ ਕੇ ਭੱਜੇ ਹਨ, ਉਨ੍ਹਾਂ ਵਿੱਚੋਂ 28 ਗੁਜਰਾਤ ਦੇ ਹਨ ਤਾਂ ਦੇਸ਼ ਦੀ 73 ਫ਼ੀਸਦੀ ਦੌਲਤ ਮਸਾਂ ਇੱਕ ਫ਼ੀਸਦੀ ਵਪਾਰੀਆਂ ਦੇ ਹੱਥ ਸੌਂਪਣ ਦੀ ਨੀਤੀ ਦਾ ਸਾਨੂੰ ਵਿਰੋਧ ਕਰਨਾ ਪਵੇਗਾ।

ਜਗਮੀਤ ਸਿੰਘ ਬਰਾੜ ਨੇ ਦਰਜਨ ਤੋਂ ਵੱਧ ਕਿਸਾਨਾਂ ਦੀ ਧਰਨਿਆਂ ਦੌਰਾਨ ਮੌਤ ਦੇ ਬਾਵਜੂਦ ਕਿਸਾਨੀ ਸੰਘਰਸ਼ ਦੇ ਅਨੁਸ਼ਾਸਨਿਕ ਅਤੇ ਸ਼ਾਂਤਮਈ ਰਹਿਣ ਉੱਤੇ ਤਸੱਲੀ ਕਰਦਿਆਂ ਕਿਹਾ ਕਿ ਆਰ ਐਸ ਐਸ, ਬੀ ਜੇ ਪੀ ਅਤੇ ਬਜਰੰਗ ਦਲ ਵੱਲੋਂ ਗਊ ਰੱਖਿਆ/ਹੱਤਿਆ ਅਤੇ ਲਵ ਜਹਾਦ ਦੇ ਨਾਮ ਉਤੇ ਕੀਤੀਆਂ ਕਾਰਵਾਈਆਂ, ਦੇਸ਼ ਪ੍ਰੇਮੀਆਂ ਨੂੰ ਦੇਸ਼ ਧ੍ਰੋਹੀ ਕਹਿ ਕੇ ਜਲੀਲ ਕਰਨ ਦੀਆਂ ਹਰਕਤਾਂ ਆਦਿ ਘਟਨਾਵਾਂ ਅਫਸੋਸਨਾਕ ਅਤੇ ਚਿੰਤਾਜਨਕ ਹਨ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਅੰਗਰੇਜ਼ਾਂ ਦੇ ਵਿਰੋਧ ਵਿੱਚ ਅਤੇ ਦੇਸ਼ ਦੀ ਆਜ਼ਾਦੀ ਲਈ 1928 ਤੋਂ 1942 ਤੱਕ ਲਗਾਤਾਰ 14 ਸਾਲ ਜੇਲ ਵਿੱਚ ਰਹਿਣ ਵਾਲੇ ਰਾਜਾ ਰਿਪੁਦਮਨ ਸਿੰਘ ਦੀ ਕੋਈ ਯਾਦਗਾਰ ਨਹੀਂ ਅਤੇ ਉਸ ਨੂੰ ਕੋਈ ਪੰਥ ਰਤਨ ਖਿਤਾਬ ਕਿਉਂ ਨਹੀਂ? ਉਨ੍ਹਾਂ ਨੇ ਮਿਸਾਲਾਂ ਦਿੰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਅਤੇ ਤਰੱਕੀ ’ਚ ਪੰਜਾਬੀਆਂ ਦਾ ਬਹੁਤਾ ਵੱਡਾ ਯੋਗਦਾਨ ਹੈ ਪਰ ਮੋਹਾਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ’ਤੇ ਰੱਖਣ ਦੀ ਪੰਜਾਬੀਆਂ ਦੀ ਜ਼ੋਰਦਾਰ ਮੰਗ ਦੇ ਬਾਵਜੂਦ ਰੋਹਤਕ ਦੇ ਇੱਕ ਬੀ ਜੇ ਪੀ ਆਗੂ ਮੰਗਲ ਸੈਨ ਦੇ ਨਾਂਅ ’ਤੇ ਰੱਖਣ, ਪਾਰਲੀਮੈਂਟ ’ਚ ਮਹਾਤਮਾ ਗਾਂਧੀ ਦੇ ਬੁੱਤ ਦੇ ਨਾਲ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਬਣਾਉਣ ਦੀ ਬਜਾਏ ਨੱਥੂ ਰਾਮ ਗੌਡਸੇ, ਹੈਡਗੇਵਾਰ, ਸਾਵਰਕਰ, ਗੋਵਾਲਕਰ ਵਰਗਿਆਂ ਦੇ ਬੁੱਤ ਲਾਉਣ ਦੀਆਂ ਕੋਸ਼ਿਸ਼ਾਂ ਨੂੰ ਦੇਸ਼ ਵਾਸੀ ਕਿਵੇਂ ਬਰਦਾਸ਼ਤ ਕਰਨਗੇ ?

## ਨਕਲੀ ਇਨਕਮ ਟੈਕਸ ਅਫਸਰ ਬਣ ਕੇ ਸੋਨਾ ਲੁੱਟਣ ਵਾਲੇ ਕਾਬੂ



ਸੰਗਰੂਰ, 21 ਅਕਤੂਬਰ (ਪੋਸਟ ਬਿਊਰੋ)- ਵਿਵੇਕਸ਼ੀਲ ਸੋਨੀ ਐਸ ਐਸ ਪੀ ਸੰਗਰੂਰ ਨੇ ਪ੍ਰੈਸ ਨੂੰ ਦੱਸਿਆ ਕਿ ਬੀਤੀ 16 ਅਕਤੂਬਰ ਨੂੰ 6/7 ਅਣਪਛਾਤੇ ਵਿਅਕਤੀ ਨਕਲੀ ਇਨਕਮ ਟੈਕਸ ਵਿਭਾਗ ਦੇ ਅਧਿਕਾਰੀ ਬਣ ਕੇ ਇਨੋਵਾ ਕਾਰ ਨੂੰ ਜਾਅਲੀ ਨੰਬਰ ਲਗਾ ਕੇ ਕ੍ਰਿਸ਼ਨ ਕੋਹਲੀ ਪੁੱਤਰ ਰਾਮ ਸਰੂਪ ਕੋਹਲੀ ਵਾਸੀ ਢੋਡਿਆਂ ਪੱਤੀ ਭਵਾਨੀਗੜ੍ਹ ਦੇ ਘਰ ਸਵੇਰੇ 6 ਵਜੇ ਦਾਖਲ ਹੋਏ। ਉਨ੍ਹਾਂ ਨੇ ਆਪਣੇ ਆਪ ਨੂੰ ਇਨਕਮ ਟੈਕਸ ਦੇ ਅਧਿਕਾਰੀ ਅਤੇ ਵਰਦੀਧਾਰੀ/ਅਸਲਾਧਾਰੀ ਪੁਲਸ ਵਾਲੇ ਵਜੋਂ ਪੇਸ਼ ਕੀਤਾ ਅਤੇ ਇਨਕਮ ਟੈਕਸ ਵਿਭਾਗ ਦੀ ਰੇਡ ਦਾ ਨਾਟਕ ਰਚ ਕੇ ਕ੍ਰਿਸ਼ਨ ਕੋਹਲੀ ਦੇ ਘਰ ਤੋਂ ਭਾਰੀ ਮਾਤਰਾ ਵਿੱਚ ਸੋਨੇ ਅਤੇ ਚਾਂਦੀ ਦੇ ਗਹਿਣੇ ਅਤੇ ਨਕਦੀ ਲੁੱਟ ਕੇ ਲੈ ਜਾਣ ਦੀ ਸਨਸਨੀਖੇਜ ਵਾਰਦਾਤ ਕੀਤੀ ਸੀ।

ਇਸ ਵਾਰਦਾਤ ਦਾ ਪੁਲਸ ਨੇ ਭੇਦ ਕੱਢ ਲਿਆ ਹੈ। ਬਾਰੇ ਪੁਲਸ ਦੀ ਸਪੈਸ਼ਲ ਟੀਮ ਨੇ ਅਣਪਛਾਤੇ ਬੰਦਿਆਂ ਬਾਰੇ ਸੋਰਸ ਕਾਇਮ ਕਰਕੇ ਸੇਵਾ ਰਾਮ, ਬਲਦੇਵ ਸਿੰਘ, ਮਨਦੀਪ ਸਿੰਘ, ਜਸਪਾਲ ਸਿੰਘ ਨੂੰ ਨਾਮਜ਼ਦ ਕੀਤਾ ਅਤੇ ਪੰਜ ਹੋਰ ਲੋਕਾਂ ਨੇ ਇਹ ਵਾਰਦਾਤ ਕੀਤੀ ਸੀ। ਇਸ ਨਕਲੀ ਇਨਕਮ ਟੈਕਸ ਦੀ ਰੇਡ ਦਾ ਮਾਸਟਰ ਪਲੈਨਰ ਸੇਵਾ ਰਾਮ ਸੀ।

## ਖੁਦਕੁਸ਼ੀ ਕਾਂਡ ਦਾ ਕਾਰਨ ਬਣਨ ਵਾਲੀ ਸਬ ਇੰਸਪੈਕਟਰ ਸੰਦੀਪ ਕੌਰ ਨੌਕਰੀ ਤੋਂ ਬਰਖਾਸਤ



ਅੰਮ੍ਰਿਤਸਰ, 21 ਅਕਤੂਬਰ (ਪੋਸਟ ਬਿਊਰੋ)- ਨਵਾਂ ਪਿੰਡ ਵਿੱਚ ਪਤੀ-ਪਤਨੀ ਵੱਲੋਂਖੁਦਕੁਸ਼ੀ ਦੇ ਕੇਸਦੀਦੋਸ਼ੀ ਪੁਲਸ ਦੀ ਸਬ ਇੰਸਪੈਕਟਰ ਸੰਦੀਪ ਕੌਰ ਦੀਆਂ ਸੇਵਾਵਾਂ ਜ਼ਿਲ੍ਹਾ ਦਿਹਾਤੀ ਪੁਲਸ ਨੇ ਸਮਾਪਤ ਕਰ ਦਿੱਤੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ 10 ਅਕਤੂਬਰ ਨੂੰ ਵਿਕਰਮਜੀਤ ਸਿੰਘ ਨੇ ਹੋਟਲ ਵਿੱਚ ਖੁਦਕੁਸ਼ੀ ਕਰ ਲਈ ਸੀ ਅਤੇ ਇਸ ਘਟਨਾ ਤੋਂ ਇੱਕ ਦਿਨ ਬਾਅਦ ਉਸ ਦੀ ਪਤਨੀ ਸੁਖਬੀਰ ਕੌਰ ਨੇ ਵੀ ਆਪਣੇ ਘਰ ਫਾਹਾ ਲੈ ਲਿਆ ਸੀ। ਖੁਦਕੁਸ਼ੀ ਪੱਤਰ ਵਿੱਚ ਉਨ੍ਹਾਂ ਨੇ ਪੁਲਸ ਦੀ ਸਬ ਇੰਸਪੈਕਟਰ ਸੰਦੀਪ ਕੌਰ ਅਤੇ ਉਸ ਦੇ ਸਾਥੀਆਂ ਦੇ ਖਿਲਾਫ ਬਲੈਕਮੇਲ ਤੇ ਪ੍ਰੇਸ਼ਾਨ ਕਰਨ ਦੇ ਦੋਸ਼ ਲਾਏ ਸਨ। ਸੰਦੀਪ ਕੌਰ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਹੁਕਮ ਐਸ ਐਸ ਪੀ ਦਿਹਾਤੀ ਧਰੁਵ ਦਹੀਆ ਨੇ ਜਾਰੀ ਕੀਤੇ ਹਨ। ਇਸ ਸੰਬੰਧ ਵਿੱਚ ਮ੍ਰਿਤਕ ਜੋੜੇ ਦੀ ਧੀ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਸੀ ਕਿ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇ। ਉਸ ਦੀ ਵੀਡੀਓ ਦੇਖਣ ਮਗਰੋਂ ਮੁੱਖ ਮੰਤਰੀ ਨੇ ਉਸ ਨਾਲ ਫੋਨ ’ਤੇ ਗੱਲਬਾਤ ਕੀਤੀ ਤੇ ਨਿਆਂ ਦਾ ਭਰੋਸਾ ਦਿੱਤਾ। ਦੋਸ਼ੀ ਐਸ ਆਈ ਸੰਦੀਪ ਕੌਰ ਨੂੰ ਪਨਾਹ ਦੇਣ ਦੇ ਦੋਸ਼ ਹੇਠ ਐਸ ਐਸ ਪੀ ਦਿਹਾਤੀ ਧਰੁਵ ਦਹੀਆ ਨੇਸਿਪਾਹੀ ਗਗਨਦੀਪ ਸਿੰਘ ਨੂੰ ਸਸਪੈਂਡ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਦਹੀਆ ਨੇ ਕਿਹਾ ਕਿ ਆਤਮ ਹੱਤਿਆ ਕੇਸ ਵਿੱਚ ਸੰਦੀਪ ਕੌਰ ਫਰਾਰ ਹੈ। ਜਾਂਚ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ ਸੰਦੀਪ ਕੌਰ ਨੂੰ ਬਚਾਉਣ ਲਈ ਤਿੰਨ ਜਣਿਆਂ ਨੇ ਉਸ ਦੀ ਮਦਦ ਕੀਤੀ ਹੈ। ਉਸ ਨੂੰ ਸਿਪਾਹੀ ਗਗਨਦੀਪ ਸਿੰਘ ਉਰਫ ਗੁਰਬੀਰ ਸਿੰਘ ਪੁੱਤਰ ਕੁਲਜੀਤ ਸਿੰਘ ਵਾਸੀ ਗਰੀਨ ਸਿਟੀ, ਅਜਨਾਲਾ ਰੋਡ ਅੰਮ੍ਰਿਤਸਰ ਨੇ ਪਨਾਹ ਦਿੱਤੀ ਸੀ। ਇਸੇ ਤਰ੍ਹਾਂ ਸੁਖਜੀਤ ਸਿੰਘ ਤੇ ਕੁਲਵਿੰਦਰ ਸਿੰਘ ਵੱਲੋਂ ਸੰਦੀਪ ਕੌਰ ਅਤੇ ਉਸ ਦੇ ਭਰਾ ਸ਼ਮਸ਼ੇਰ ਸਿੰਘ ਨੂੰ ਪਨਾਹ ਦਿੱਤੀ ਗਈ ਸੀ।


## ਬੀਮਾ ਕੰਪਨੀ ਨੇ ਕਪੂਰ ਹਸਪਤਾਲ ਦੀ ਇੰਪੈਨਲਮੈਂਟ ਰੱਦ ਕੀਤੀ

### * ਆਯੁਸ਼ਮਾਨ ਯੋਜਨਾ ਵਿੱਚ ਜਾਅਲੀ ਕਾਗਜ਼ ਲਾਉਣ ਦਾ ਦੋਸ਼

ਜਲੰਧਰ, 21 ਅਕਤੂਬਰ (ਪੋਸਟ ਬਿਊਰੋ)- ਆਯੁਸ਼ਮਾਨ ਬੀਮਾ ਯੋਜਨਾ ਅਧੀਨ ਆਉਂਦੇ 56 ਨਿੱਜੀ ਹਸਪਤਾਲਾਂ ਵਿੱਚੋਂ ਪਠਾਨਕੋਟ ਚੌਕ ਦੇ ਕਪੂਰ ਬੋਨ ਐਂਡ ਚਿਲਡਰਨ ਹਸਪਤਾਲ ਨੂੰ ਸੂਚੀ ਵਿੱਚੋਂਕੱਢ ਦਿੱਤਾ ਗਿਆ ਹੈ।

ਇਹ ਕਾਰਵਾਈ ਆਯੁਸ਼ਮਾਨ ਯੋਜਨਾ ਲਈ ਕਲੇਮ ਦੇਣ ਵਾਲੀ ਬੀਮਾ ਕੰਪਨੀ ਈਫਕੋ ਟੋਕੀਓ ਨੇ ਕੀਤੀ ਹੈ। ਪਤਾ ਲੱਗਾ ਹੈ ਕਿ ਹਸਪਤਾਲ ਦੇ ਖਿਲਾਫ ਰਵਿੰਦਰ ਸਿੰਘ ਨੇ 10 ਅਗਸਤ ਨੂੰ ਈ-ਮੇਲ ਜ਼ਰੀਏ ਸਟੇਟ ਅਥਾਰਟੀ ਨੂੰ ਸ਼ਿਕਾਇਤ ਦਿੱਤੀ ਸੀ। ਕਪੂਰ ਹਸਪਤਾਲ ਤੋਂ ਮਿਲਖਾ ਰਾਣੀ ਨੇ ਅਨ-ਸਪੈਸੀਫਾਈਡ ਰੈਫਰਲ ਦੇ ਅਧੀਨ ਪੰਜ ਹਜ਼ਾਰ ਦਾ ਇਲਾਜ ਕਰਵਾਇਆ ਸੀ, ਪਰ ਹਸਪਤਾਲ ਨੇ ਗਲਤ ਕਾਗਜ਼ ਬਣਾ ਕੇ ਕਲੇਮ ਏਜੰਸੀ ਨੂੰ 44 ਹਜ਼ਾਰ ਦਾ ਕਲੇਮ ਦੇਣ ਲਈ ਕਿਹਾ ਸੀ। ਜਾਂਚ ਵਿੱਚ ਪਤਾ ਲੱਗਾ ਕਿ ਇਲਾਜ ਦੇ ਬਾਅਦ ਮਰੀਜ਼ ਅਗਲੇ ਦਿਨ ਘਰ ਚਲਾ ਗਿਆ ਸੀ, ਪਰ ਹਸਪਤਾਲ ਨੇ ਪੰਜ ਦਿਨ ਦਾਖਲ ਕੀਤੇ ਜਾਣ ਦੇ ਕਾਗਜ਼ ਪੇਸ਼ ਕੀਤੇ ਅਤੇ ਨਕਲੀ ਐਕਸਰਾ ਬਿੱਲ ਵੀ ਨਾਲ ਅਟੈਚ ਕੀਤਾ ਸੀ। 19 ਅਕਤੂਬਰ ਨੂੰ ਕਾਰਵਾਈ ਕਰਦੇ ਹੋਏ ਕਪੂਰ ਹਸਪਤਾਲ ਨੂੰ ਆਯੁਸ਼ਮਾਨ ਯੋਜਨਾ ਤੋਂਕੱਢ ਦਿੱਤਾ ਗਿਆ। ਕੰਪਨੀ ਨੇ ਨੋਟਿਸ ਵਿੱਚ ਲਿਖਿਆ ਹੈ ਕਿ ਹਸਪਤਾਲ ਵੱਲੋਂ ਪੇਸ਼ ਕੀਤੇ ਕਾਗਜ਼ਾਂ ਤੋਂ ਸਾਬਤ ਨਹੀਂ ਹੋਇਆ ਕਿ ਹਸਪਤਾਲ ਨੇ ਸਹੀ ਕਾਗਜ਼ ਕਲੇਮ ਦੇ ਲਈ ਭੇਜੇ ਹਨ। ਇਸ ਦੇ ਕਾਰਨ ਕਪੂਰ ਬੋਨ ਐਂਡ ਚਿਲਡਰਨ ਹਸਪਤਾਲ ਦੀ ਇੰਪੈਨਲਮੈਂਟ ਰੱਦ ਕੀਤੀ ਜਾਂਦੀ ਹੈ।

## ਮਹਾਰਾਜਾ ਫ਼ਰੀਦਕੋਟ ਦੀ ਜਾਇਦਾਦ ਬਾਰੇ ਟਰੱਸਟ ਨੂੰ ਖਰਚ ਕਰਨ ਦੀ ਮਨਜ਼ੂਰੀ ਮਿਲੀ



ਫ਼ਰੀਦਕੋਟ, 21 ਅਕਤੂਬਰ (ਪੋਸਟ ਬਿਊਰੋ)- ਮਹਾਰਾਜਾ ਫ਼ਰੀਦਕੋਟ ਦੀ ਜਾਇਦਾਦ ਦੇ ਮਾਮਲੇ ’ਚ ਸੁਪਰੀਮ ਕੋਰਟ ਨੇ ਮਾਲਕੀ ਦੇ ਹੱਕ ਵਾਲਾ ਕੇਸ ਹਾਰ ਚੁੱਕੇ ਮਹਿਰਾਵਲ ਖੇਵਾ ਜੀ ਟਰੱਸਟ ਨੂੰ ਮਹਾਰਾਜਾ ਦੀ ਜਾਇਦਾਦ ਦੇ ਆਰਜ਼ੀ ਕੇਅਰ ਟੇਕਰ ਬਣੇ ਰਹਿਣ ਦਾ ਹੁਕਮ ਦਿੱਤਾ ਹੈ ਹਾਈ ਕੋਰਟ ’ਚ ਜਾਇਦਾਦ ਦੀ ਮਾਲਕੀ ਦਾ ਕੇਸ ਹਾਰਨ ਪਿੱਛੋਂ ਟਰੱਸਟ ਨੇ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ’ਚ ਚੁਣੌਤੀ ਦਿੱਤੀ ਸੀ, ਜਿਸ ਦੀ ਸੁਣਵਾਈ ਦੌਰਾਨ ਹੀ ਸੁਪਰੀਮ ਕੋਰਟ ਨੇ ਅੰਤਿਮ ਫ਼ੈਸਲਾ ਆਉਣ ਤੱਕ ਆਰਜ਼ੀ ਤੌਰ ’ਤੇ ਟਰੱਸਟ ਨੂੰ ਕੇਅਰ ਟੇਕਰ (ਨਿਗਰਾਨ) ਬਣੇ ਰਹਿਣ ਦਿੱਤਾ ਹੈ।

ਹਾਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਮਹਾਰਾਜਾ ਦੀ ਜਾਇਦਾਦ ਅਤੇ ਟਰੱਸਟ ਦੇ ਸਾਰੇ ਬੈਂਕ ਖਾਤਿਆਂ ਨੂੰ ਸੀਲ ਕਰ ਦਿੱਤਾ ਗਿਆ ਸੀ। ਇਸ ਕਾਰਨ ਮੁਲਾਜ਼ਮਾਂ ਦੀਆਂ ਤਨਖ਼ਾਹਾਂ, ਮਹਾਰਾਜਾ ਵੱਲੋਂ ਚਲਾਏ ਗਏ ਬਲਬੀਰ ਹਸਪਤਾਲ ਦੇ ਖਰਚੇ ਅਤੇ ਹੋਰਨਾਂ ਖ਼ਰਚਿਆਂ ਦੀ ਅਦਾਇਗੀ 1 ਜੂਨ 2020 ਤੋਂ ਬਕਾਇਆ ਸੀ। ਟਰੱਸਟ ਨੇ ਅਦਾਲਤ ’ਚ ਇਸ ਖਰਚ ਬਾਰੇ ਅਰਜ਼ੀ ਦਿੱਤੀ ਗਈ ਸੀ, ਜਿਸ ’ਤੇ ਸੁਣਵਾਈ ਦੌਰਾਨ ਅਦਾਲਤ ਨੇ 1 ਜੂਨ ਤੋਂ 30 ਸਤੰਬਰ 2020 ਤੱਕ ਦੇ ਪੌਣੇ ਤਿੰਨ ਕਰੋੜ ਰੁਪਏ ਦੇ ਖਰਚ ਕਰਨ ਲਈ ਟਰੱਸਟ ਨੂੰ ਮਨੂਜ਼ਰੀ ਦੇ ਦਿੱਤੀ ਹੈ। ਅਦਾਲਤ ਨੇ ਸਾਫ਼ ਕਿਹਾ ਕਿ ਆਰਜੀ ਕੇਅਰ ਟੇਕਰ ਵਜੋਂ ਟਰੱਸਟ ਸਿਰਫ਼ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਤੇ ਹਸਪਤਾਲ ਬਾਰੇ ਖਰਚ ਲਈ ਬੈਂਕ ਖਾਤਿਆਂ ਦੀ ਵਰਤੋਂ ਕਰ ਸਕਦਾ ਹੈ ਅਤੇ ਹੋਰ ਕਿਸੇ ਤਰ੍ਹਾਂ ਦੇ ਖਰਚ ਲਈ ਟਰੱਸਟ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ। ਟਰੱਸਟ ਵੱਲੋਂ ਕੀਤੇ ਜਾਣ ਵਾਲੇ ਇਨ੍ਹਾਂ ਖਰਚਿਆਂ ਦੀ ਮਹੀਨਾਵਾਰ ਰਿਪੋਰਟ ਹਰ ਮਹੀਨੇ ਦੇ ਅੰਤ ਵਿੱਚ ਅਦਾਲਤ ’ਚ ਪੇਸ਼ ਕੀਤੀ ਜਾਵੇਗੀ। ਅਦਾਲਤ ਵੱਲੋਂ ਉਨ੍ਹਾਂ ਬੈਂਕਾਂ, ਜਿਨਾਂ ’ਚ ਇਹ ਖਾਤੇ ਹਨ, ਤੋਂ ਵੀ ਇਨ੍ਹਾਂ ਖਾਤਿਆਂ ਦੀ 1 ਜੂਨ ਤੋਂ 30 ਸਤੰਬਰ 2020 ਤੱਕ ਸਟੇਟਮੈਂਟ ਮੰਗਵਾਈ ਗਈ ਹੈ। ਮਹਾਰਾਜਾ ਦੀ ਜਾਇਦਾਦ ਦੀ ਮਾਲਕੀ ਕੇਸ ਸਬੰਧੀ ਸੁਪਰੀਮ ਕੋਰਟ ’ਚ ਅਗਲੀ ਤਰੀਕ 4 ਨਵੰਬਰ ਹੈ ਅਤੇ ਅੰਤਿਮ ਫ਼ੈਸਲਾ ਆਉਣ ਤੱਕ ਅਦਾਲਤ ਦੇ ਇਹ ਹੁਕਮ ਲਾਗੂ ਰਹਿਣ-ਗੇ।

ਵਰਨਣ ਯੋਗ ਹੈ ਕਿ ਫ਼ਰੀਦਕੋਟ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ 20 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਸਬੰਧੀ ਇਹ ਮਾਮਲਾ ਸੁਪਰੀਮ ਕੋਰਟ ’ਚ ਸੁਣਵਾਈ ਅਧੀਨ ਹੈ।

## ਜੁਗਾੜੂ ਗੱਡੀ ਦੀ ਟਰੱਕ ਨਾਲ ਟੱਕਰ ਵਿੱਚ 6 ਮੌਤਾਂ



ਕਪੂਰਥਲਾ, 21 ਅਕਤੂਬਰ (ਪੋਸਟ ਬਿਊਰੋ)- ਖੇੜਾ ਦੋਨਾ ਦਾਣਾ ਮੰਡੀ ਨੇੜੇ ਜੁਗਾੜੂ ਗੱਡੀ (ਘੜੁੱਕਾ) ਦੀ ਆਲੂਆਂ ਨਾਲ ਭਰੇ ਟਰੱਕ ਨਾਲ ਟੱਕਰ ਵਿੱਚ ਛੇ ਜਣਿਆਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਦੋ ਬੱਚੇ ਵੀ ਸਨ। ਹਾਦਸੇ ਵਿੱਚ ਚਾਰ ਜਣੇ ਗੰਭੀਰ ਜ਼ਖਮੀ ਹੋ ਗਏ। ਘਟਨਾ ਰਾਤ ਕਰੀਬ ਸਾਢੇ ਅੱਠ ਵਜੇ ਦੀ ਹੈ। ਪੁਲਸ ਨੇ ਡਰਾਈਵਰ ਨੂੰ ਟਰੱਕ ਸਮੇਤ ਕਾਬੂ ਕਰ ਲਿਆ ਹੈ। ਜ਼ਖਮੀਆਂ ਨੂੰ ਕਪੂਰਥਲਾ ਦੇ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

ਭੁਲਾਣਾ ਪੁਲਸ ਚੌਕੀ ਦੇ ਇੰਚਾਰਜ ਗੁਰਦੇਵ ਸਿੰਘ ਨੇ ਦੱਸਿਆ ਕਿ ਆਰ ਸੀ ਐਫ ਦੇ ਬਾਹਰ ਝੁੱਗੀ-ਝੌਂਪੜੀ ਵਿੱਚ ਰਹਿਣ ਵਾਲੇ 10 ਜਣੇ ਰਾਤ ਵੇਲੇ ਪਿੰਡ ਸਿੱਧਵਾਂ ਦੋਨਾ ਤੋਂ ਮਜ਼ਦੂਰੀ ਕਰ ਕੇ ਇੱਕ ਘੜੁੱਕੇ ਵਿੱਚ ਵਾਪਸ ਆਪਣੇ ਘਰ ਜਾ ਰਹੇ ਸਨ। ਇਹ ਲੋਕ ਜਦ ਖੇੜਾ ਦੋਨਾ ਮੰਡੀ ਤੇ ਖੇੜਾ ਰਿਜ਼ੋਰਟ ਨੇੜੇ ਪਹੁੰਚੇ ਤਾਂ ਲਿੰਕ ਰੋਡ ਉੱਤੇ ਤੇਜ਼ ਰਫਤਾਰ ਆ ਰਹੇ ਆਲੂਆਂ ਨਾਲ ਭਰੇ ਟਰੱਕ ਦੇ ਨਾਲ ਘੜੁੱਕੇ ਦੀ ਟੱਕਰ ਹੋ ਗਈ। ਇਸ ਵਿੱਚ ਇੱਕ ਹੀ ਪਰਵਾਰ ਦੇ ਤਿੰਨ ਮੈਂਬਰਾਂ ਸਮੇਤ ਛੇ ਲੋਕਾਂ ਉਪਿੰਦਰ (32), ਬੱਲੋ ਦੇਵੀ (30), ਸਾਜਨ (7), ਪੱਕੀ (35), ਕ੍ਰਿਸ਼ਨਾ (6), ਸੰਜੀਵ ਕੁਮਾਰ (18) ਦੀ ਮੌਤ ਹੋ ਗਈ। ਹਾਦਸੇ ਵਿੱਚ ਸੁਰਿੰਦਰ (10), ਸ਼ੁਭਮਨ (8), ਸ਼ਾਂਤੀ (6) ਅਤੇ ਇੱਕ ਛੇ ਸਾਲ ਦਾ ਬੱਚਾ ਗੰਭੀਰ ਜ਼ਖਮੀ ਹੋ ਗਿਆ। ਸਾਰੇ ਜ਼ਖਮੀਆਂ ਨੂੰ ਸਿਵਲ ਹਸਪਤਾਲ ਕਪੂਰਥਲਾ ਵਿੱਚ ਦਾਖਲ ਕਰਵਾਇਆ ਗਿਆ।

ਡਾ. ਤਮੰਨਾ ਨੇ ਦੱਸਿਆ ਕਿ ਚਾਰ ਜ਼ਖਮੀਆਂ ਦੀ ਹਾਲਤ ਗੰਭੀਰ ਹੋਣ ਕਾਰਨ ਮੌਤ ਹੋ ਗਈ, ਜਿਨਾਂ ਦੀਆਂ ਲਾਸ਼ਾਂ ਕਪੂਰਥਲਾ ਦੀ ਮੋਰਚਰੀ ਵਿੱਚ ਰਖਵਾ ਦਿੱਤੀਆਂ ਗਈਆਂ ਅਤੇ ਦੋ ਜ਼ਖਮੀਆਂ ਨੇ ਮੌਕੇ ’ਤੇ ਹੀ ਦਮ ਤੋੜ ਦਿੱਤਾ ਸੀ, ਉਨ੍ਹਾਂ ਦੀਆਂ ਲਾਸ਼ਾਂ ਸੁਲਤਾਨਪੁਰ ਲੋਧੀ ਵਿੱਚ ਭੇਜ ਦਿੱਤੀਆਂ ਗਈਆਂ ਹਨ।

## ਕੈਨੇਡਾ ਦੀ ਕੰਪਨੀ ਵੱਲੋਂ ਭਾਰਤ ਵਿੱਚ 14000 ਕਰੋੜ ਤੋਂ ਵਧੇਰੇ ਦੀ ਦਫਤਰੀ ਡੀਲ



ਮੁੰਬਈ, 21 ਅਕਤੂਬਰ (ਪੋਸਟ ਬਿਊਰੋ)- ਕੈਨੇਡਾ ਦੀ ਬਰੁਕਫੀਲਡ ਅਸਟੇਟ ਮੈਨੇਜਮੈਂਟ ਕੰਪਨੀ ਇਸ ਵੇਲੇ ਭਾਰਤ ਵਿੱਚ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ 14,688 ਕਰੋੜ ਰੁਪਏ ਦਾ ਨਿਵੇਸ਼ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਇਹ ਡੀਲ ਦੱਖਣੀ ਏਸ਼ਿਆਈ ਦੇਸ਼ਾਂ ਵਿੱਚ ਅੱਜ ਤੱਕ ਦੀ ਸਭ ਤੋਂ ਵੱਡੀ ਰੀਅਲ ਅਸਟੇਟ ਡੀਲ ਹੈ। ਕੰਪਨੀ ਨੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਕਿਹਾ ਕਿ ਉਹ ਭਾਰਤ ਦੇ ਨਿੱਜੀ ਡਿਵੈਲਪਰ ਆਰ ਐਮ ਜੈਡ ਕਾਰਪੋਰੇਸ਼ਨ ਤੋਂ 1.25 ਕਰੋੜ ਵਰਗ ਫੁੱਟ ਆਫਿਸ ਕਮ ਵਰਕਿੰਗ ਸਪੇਸ ਖਰੀਦ ਰਹੀ ਹੈ।ਆਰ ਐਮ ਜੈਡ ਦੇ ਮੈਨੇਜਿੰਗ ਡਾਇਰੈਕਟਰ ਅਰਸ਼ਦੀਪ ਸਿੰਘ ਸੇਠੀ ਨੇ ਕਿਹਾ ਕਿ ਬਰੁਕਫੀਲਡ ਨਾਲ ਇਹ ਸੌਦਾ ਦੱਸਦਾ ਹੈ ਕਿ ਭਾਰਤੀ ਕਮਰਸ਼ੀਅਲ ਆਫਿਸ ਬਿਜ਼ਨਸ ਬਹੁਤ ਮਜ਼ਬੂਤ ਸਥਿਤੀ ਵਿੱਚ ਹੈ। ਇਸ ਦੀ ਸਰਗਰਮੀ ਅਤੇ ਡਿਮਾਂਡ ਵਿੱਚ ਕੋਈ ਕਮੀ ਨਹੀਂ ਆਈ। ਇਸ ਸੌਦੇ ਨਾਲ ਕੰਪਨੀ ਕਰਜ਼ਾ ਮੁਕਤ ਹੋ ਜਾਏਗੀ ਤੇ ਆਪਣੇ ਪੋਰਟ ਫੋਲੀਓ ਕਾਰੋਬਾਰ ਦਾ ਵਿਸਥਾਰ ਕਰੇਗੀ। ਬੰਗਲੌਰ, ਚੇਨਈ ਵਰਗੇ ਦੱਖਣੀ ਮਹਾਨਗਰਾਂ ਵਿੱਚ ਕੰਮ ਕਰਨ ਵਾਲੀ ਆਰ ਐਮ ਜੈਡ ਛੇ ਸਾਲਾਂ ਵਿੱਚ ਆਪਣੇ ਰੀਅਲ ਅਸਟੇਟ ਪੋਰਟ ਫੋਲੀਓ ਨੂੰ 6.7 ਤੋਂ 8.5 ਕਰੋੜ ਸਕਵੇਅਰ ਫੁੱਟ ਤੱਕ ਵਧਾਉਣਾ ਚਾਹੁੰਦੀ ਹੈ। ਇਸ ਦੇ ਟੈਕਨਾਲੋਜੀ ਅਤੇ ਬਿਜ਼ਨਸ ਪਾਰਕ ਦੇ ਕਲਾਇੰਟਸ ਵਿੱਚ ਗੂਗਲ, ਐਚ ਐਸ ਬੀ ਸੀ ਅਤੇ ਐਕਸਚੇਂਜਰ ਵਰਗੀਆਂ ਕੰਪਨੀਆਂ ਸ਼ਾਮਲ ਹਨ।

ਬੀਤੇ ਸਾਲਾਂ ਤੋਂ ਵੱਡੇ ਵਿਦੇਸ਼ੀ ਨਿਵੇਸ਼ਕ ਭਾਰਤੀ ਦਫਤਰ ਮਾਰਕੀਟ ਵਿੱਚ ਖਰੀਦਦਾਰੀ ਕਰ ਰਹੇ ਹਨ। ਪ੍ਰਾਪਰਟੀ ਕੰਸਲਟੈਂਸੀ ਫਰਮ ਨਾਈਟ ਫ੍ਰੈਂਕ ਇੰਡੀਆ ਦੇ ਮੁਤਾਬਕ ਭਾਰਤੀ ਆਫਿਸ ਸਪੇਸ ਮਾਰਕੀਟ ਆਪਣੀ ਮਜ਼ਬੂਤ ਫੰਡਾਮੈਂਟਲ ਕਾਰਨ ਪ੍ਰਾਈਵੇਟ ਇਕਵਿਟੀ ਲਈ ਤਰਜੀਹੀ ਖੇਤਰ ਬਣ ਚੁੱਕਾ ਹੈ। 2011 ਦੇ ਬਾਅਦ ਦਫਤਰੀ ਸਪੇਸ ਵਿੱਚ ਕੁੱਲ 1.13 ਲੱਖ ਕਰੋੜ ਰੁਪਏ ਤੋਂਵੱਧ ਦਾ ਇਕਵਿਟੀ ਨਿਵੇਸ਼ ਆਇਆ ਹੈ। ਇਸੇ ਲੜੀ ਵਿੱਚ ਬਲੈਕ ਸਟੋਨ ਨੇ ਵੀ ਪਿਛਲੇ ਹਫਤੇ ਕੁਝ ਪ੍ਰਾਪਰਟੀ ਖਰੀਦਣ ਦੇ ਮਕਸਦ ਨਾਲ ਇੱਕ ਗੈਰ ਰੁਕਾਵਟਕਾਰੀ ਸਮਝੌਤਾ ਕੀਤਾ ਹੈ। ਅੰਦਾਜ਼ਾ ਹੈ ਕਿ ਇਹ ਸੌਦਾ ਵੀ 14 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਹੋ ਸਕਦਾ ਹੈ।

## ਚਾਰ ਧਾਮ ਬੋਰਡ ਖਿਲਾਫ ਸੁਬਰਾਮਨੀਅਮ ਸਵਾਮੀ ਸੁਪਰੀਮ ਕੋਰਟ ਜਾ ਪਹੁੰਚੇ



ਨਵੀਂ ਦਿੱਲੀ, 21 ਅਕਤੂਬਰ (ਪੋਸਟ ਬਿਊਰੋ)- ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਚਾਰ ਧਾਮ ਦੇਵ ਸਥਾਨਮ ਬੋਰਡ ਬਣਾਉਣ ਦੇ ਮਾਮਲੇ ’ਚ ਉਤਰਾ ਖੰਡ ਹਾਈ ਕੋਰਟ ਦੇ ਹੁਕਮਾਂ ਖਿਲਾਫ ਸੁਪਰੀਮ ਕੋਰਟ ਚਲੇ ਗਏ ਹਨ।

ਸਵਾਮੀ ਨੇ ਸੁਪਰੀਮ ਕੋਰਟ ’ਚ ਵਿਸ਼ੇਸ਼ ਲੀਵ ਪਟੀਸ਼ਨ ਦਾਖਲ ਕਰ ਕੇ ਉਤਰਾ ਖੰਡ ਹਾਈ ਕੋਰਟ ਦੇ 21 ਜੁਲਾਈ ਦੇ ਹੁਕਮ ਨੂੰ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਚਾਰ ਧਾਮ ਅਤੇ ਹੋਰ 51 ਮੰਦਰਾਂ ਦੀ ਮੈਨੇਜਮੈਂਟ ਸੂਬਾ ਸਰਕਾਰ ਦੇ ਕੰਟਰੋਲ ਵਿਚ ਲੈਣ ਵਾਲੇ ਕਾਨੂੰਨ ਨੂੰ ਚੁਣੌਤੀ ਦੇਣ ਵਾਲੀ ਸਵਾਮੀ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਚਾਰ ਧਾਮ ਵਿਚ ਬਦਰੀਨਾਥ, ਕੇਦਾਰਨਾਥ, ਯਮੁਨੋਤਰੀ ਅਤੇ ਗੰਗੋਤਰੀ ਸ਼ਾਮਲ ਹਨ। ਹਾਈ ਕੋਰਟ ਨੇ ਦੇਵਾ ਸਥਾਨ ਐਕਟ ਦੀ ਵਿਧਾਨਕਤਾ ਨੂੰ ਸਹੀ ਠਹਿਰਾ ਕੇ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਸੂਬਾ ਸਰਕਾਰ ਮੰਦਰਾਂ ਦੀ ਮਲਕੀਅਤ ਲੈ ਸਕਦੀ ਹੈ ਤੇ ਬੋਰਡ ਨੂੰ ਮੰਦਰਾਂ ਦੀਆਂ ਜਾਇਦਾਦਾਂ ’ਤੇ ਮੈਨੇਜਮੈਂਟ ਦਾ ਅਧਿਕਾਰ ਹੈ। ਕੋਰਟ ’ਚ ਦੇਵਾ ਸਥਾਨ ਬੋਰਡ ਐਕਟ ਨੂੰ ਚੁਣੌਤੀ ਦਿੰਦੇ ਹੋਏ ਸਵਾਮੀ ਨੇ ਦਲੀਲ ਦਿੱਤੀ ਸੀ ਕਿ ਇਹ ਚਾਰ ਧਾਮ ਵੱਖਰਾ ਰਿਲੀਜੀਅਸ ਡਿਨੋਮਿਨੇਸ਼ ਹੈ ਅਤੇ ਇਸਲਈਸਰਕਾਰ ਉਸ ਦੀ ਮੈਨੇਜਮੈਂਟ ਆਪਣੇ ਹੱਥ ਵਿੱਚ ਨਹੀਂ ਲੈ ਸਕਦੀ। ਹਾਈ ਕੋਰਟ ਨੇ ਇਹ ਦਲੀਲ ਨਹੀਂ ਮੰਨੀ ਸੀ। ਸਵਾਮੀ ਦੇ ਇਲਾਵਾ ਦੋ ਹੋਰ ਪਟੀਸ਼ਨਾਂ ’ਚ ਉਤਰਾ ਖੰਡ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ।

## ਹਾਵੜਾ ਕੇਸ ਵਿਚੋਂ ਬਲਵਿੰਦਰ ਸਿੰਘ ਜ਼ਮਾਨਤ ’ਤੇ ਰਿਹਾਅ



ਕੋਲਕਾਤਾ, 21 ਅਕਤੂਬਰ (ਪੋਸਟ ਬਿਊਰੋ)- ਬੀਤੇ ਦਿਨੀਂ ਹਾਵੜਾ ’ਚ ਭਾਜਪਾ ਵੱਲੋਂ ਰਾਜ ਸਕੱਤਰੇਤ ਦੇ ਘਿਰਾਓ ਲਈ ਚਲਾਈ ਗਈ ਮੁਹਿੰਮ ਦੌਰਾਨ ਪਿਸਤੌਲ ਸਮੇਤ ਗ੍ਰਿਫ਼ਤਾਰ ਬਲਵਿੰਦਰ ਸਿੰਘ ਨੂੰ ਹਾਵੜਾ ਅਦਾਲਤ ਨੇ 2500 ਰੁਪਏ ਦੇ ਨਿੱਜੀ ਬਾਂਡ ’ਤੇ ਰਿਹਾਅ ਕਰ ਦਿੱਤਾ ਹੈ। ਗ੍ਰਿਫ਼ਤਾਰੀ ਸਮੇਂ ਦਸਤਾਰ ਬੇਅਦਬੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੱਛਮੀ ਬੰਗਾਲ ਦੀ ਸੰਗਤ ਤੋਂ ਲੈ ਕੇ ਦੇਸ਼-ਵਿਦੇਸ਼ ’ਚ ਇਸ ਦਾ ਵਿਰੋਧ ਕੀਤਾ ਗਿਆ ਸੀ।

ਇਸ ਮਾਮਲੇ ਦੀ ਜਾਂਚ ਕਰਨ ਵਾਲੇ ਪੁਲਸ ਅਧਿਕਾਰੀ ਨੇ ਅਦਾਲਤ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਸਮੇਂ ਬਰਾਮਦ ਹੋਏ ਪਿਸਤੌਲ ਦਾ ਆਲ ਇੰਡੀਆ ਲਾਇਸੈਂਸ ਸੀ ਤੇ ਉਹ ਗ਼ੈਰ-ਕਾਨੂੰਨੀ ਨਹੀਂ ਸੀ। ਰਿਹਾਅ ਹੋਣ ਤੋਂ ਬਾਅਦ ਬਲਵਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਹਾਜ਼ਰੀ ਭਰ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਸਿੱਖਾਂ ਵੱਲੋਂ ਮਦਦ ਲਈ ਕਾਨੂੰਨ ਮੰਤਰੀ ਨੂੰ ਮਾਣ ਪੱਤਰ ਦਿੱਤਾ ਗਿਆ। ਬਲਵਿੰਦਰ ਦੇ ਵਕੀਲ ਅਜੀਤ ਮਿਸ਼ਰਾ ਨੇ ਦੱਸਿਆ ਕਿ ਅਦਾਲਤ ’ਚ ਪੁਲਸ ਨੇ ਹਿਰਾਸਤ ਦੀ ਮੰਗ ਨਹੀਂ ਕੀਤੀ ਅਤੇ ਜ਼ਮਾਨਤ ਦਾ ਵਿਰੋਧ ਵੀ ਨਹੀਂ ਕੀਤਾ। ਇਸ ਕਾਰਨ ਅਦਾਲਤ ਨੂੰ ਜ਼ਮਾਨਤ ’ਤੇ ਰਿਹਾਅ ਕਰਨ ’ਚ ਦੇਰੀ ਨਹੀਂ ਲੱਗੀ। ਆਸਨਸੋਲ ਵਿਖੇ ਸੈਂਟਰਲ ਗੁਰਦੁਆਰਾ ਕਮੇਟੀ ਅਤੇ ਜ਼ਿਲ੍ਹੇ ਦੇ ਸਿੱਖ ਆਗੂਆਂ ਨੇ ਕਾਨੂੰਨ ਮੰਤਰੀ ਮਲਯ ਘਟਕ ਦੇ ਦਫ਼ਤਰ ਜਾ ਕੇ ਉਨ੍ਹਾਂ ਦੀ ਰਿਹਾਈ ਵਿੱਚ ਯੋਗਦਾਨ ਲਈ ਧੰਨਵਾਦ ਕਰਦਿਆਂ ਮਾਣ ਪੱਤਰ ਭੇਟ ਕੀਤਾ।

## ਟੀਚਰਾਂ ਦੀ ਗਲਤੀ ਨਾਲ 58 ਵਿਦਿਆਰਥੀਆਂ ਦਾ ਨਤੀਜਾ ਬਦਲ ਗਿਆ



ਭਿਵਾਨੀ, 21 ਅਕਤੂਬਰ (ਪੋਸਟ ਬਿਊਰੋ)- ਹਿਸਾਰ ਜ਼ਿਲੇ ਦੇ ਪਿੰਡ ਦੌਲਤਪੁਰ ਦੇ ਕੇਂਦਰੀ ਸੀਨੀਅਰ ਸੈਕੰਡਰੀ ਸਕੂਲ ਦੇ 58 ਬੱਚਿਆਂ ਨੂੰ ਦੋ ਟੀਚਰਾਂ ਦੀ ਗਲਤੀ ਦਾ ਖਮਿਆਜ਼ਾ ਭੁਗਤਣਾ ਪਿਆ ਹੈ। ਪਹਿਲਾਂ ਪਾਸ ਕੀਤੇ ਗਏ ਬੱਚਿਆਂ ਵਿੱਚੋਂ ਜ਼ਿਆਦਾਤਰ ਬਾਅਦ ਵਿੱਚ ਫੇਲ ਹੋ ਗਏ ਹਨ ਅਤੇ ਪਹਿਲਾਂ ਫੇਲ ਬੱਚਿਆਂ ਵਿੱਚੋਂਬਹੁਤੇ ਪਾਸ ਹੋ ਗਏ ਹਨ।

ਸਿੱਖਿਆ ਬੋਰਡ ਦੇ ਸੈਕਟਰੀ ਨੇ ਕਿਹਾ ਕਿ ਜਿਹੜੇ ਬੱਚਿਆਂ ਦਾ ਨਤੀਜਾ ਸੀ ਉਹ ਦੇ ਦਿੱਤਾ ਗਿਆ ਹੈ। ਕੋਰੋਨਾ ਦੇ ਕਾਰਨ ਇਸ ਵਾਰ ਬੋਰਡ ਪ੍ਰੀਖਿਆਵਾਂ ਦੀ ਮਾਰਕਿੰਗ ਤੈਅ ਕੇਂਦਰਾਂ ਉੱਤੇ ਨਾ ਹੋ ਕੇ ਘਰਾਂ ਵਿੱਚ ਟੀਚਰਾਂ ਨੇ ਕੀਤੀ ਸੀ। ਇਸੇ ਕਾਰਨ ਹਿਸਾਰ ਦੇ ਦੌਲਤਪੁਰ ਪਿੰਡ ਦੁ ਕੇਂਦਰੀ ਸਕੂਲ ਦੇ ਦਸਵੀਂ ਦੇ ਵਿਦਿਆਰਥੀਆਂ ਦੇ ਸੋਸ਼ਲ ਸਾਇੰਸ ਵਿਸ਼ੇ ਦੀ ਉਤਰ ਸੀਟ ਗੁਰੂਗ੍ਰਾਮ ਸੋਹਨਾ ਦੇ ਦੋ ਟੀਚਰਾਂ ਨੂੰ ਭੇਜੀ ਸੀ। ਉਨ੍ਹਾਂ ਟੀਚਰਾਂ ਨੇ ਪੇਪਰ ਚੈਕ ਕਰ ਕੇ ਅਵਾਰਡ ਲਿਸਟ ਬੋਰਡ ਨੂੰ ਭੇਜ ਦਿੱਤੀ। ਅਵਾਰਡ ਲਿਸਟ ਦੇ ਆਧਾਰ ’ਤੇ ਬੋਰਡ ਨੇ ਨਤੀਜਾ ਤਿਆਰ ਕਰ ਕੇ ਐਲਾਨ ਕਰ ਦਿੱਤਾ। ਬੋਰਡ ਪ੍ਰਸ਼ਾਸਨ ਨੇ ਸੋਹਨਾ ਦੇ ਰਣਜੋਦ ਸਿੰਘ ਬੁਲਾਰਾ ਸਮਾਜਕ ਅਧਿਐਨ ਅਤੇ ਦਿਨੇਸ਼ ਕੁਮਾਰ ਬੁਲਾਰਾ ਭੂਗੋਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ। ਦੋਵਾਂ ਨੂੰ ਬੋਰਡ ਨੇ 3100 ਅਤੇ 2200 ਰੁਪਏ ਜੁਰਮਾਨਾ ਲਗਾਇਆ।






# ਬਿਡੇਨ ਨਾਲ ਆਖਰੀ ਬਹਿਸ ਵਿੱਚ ਟਰੰਪ ਟੋਕਾ-ਟਾਕੀ ਨਹੀਂ ਕਰ ਸਕਣਗੇ



ਵਾਸ਼ਿੰਗਟਨ, 21 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ3 ਨਵੰਬਰ ਨੂੰ ਹੋ ਰਹੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨ੍ਹਾਂ ਦੇ ਵਿਰੋਧੀ ਜੋ ਬਿਡੇਨ ਵਿਚਕਾਰ ਆਖਰੀ ਬਹਿਸ ਵੀਰਵਾਰ ਨੂੰ ਹੋਵੇਗੀ। ਇਸ ਬਹਿਸ ਦੇ ਲਈ ਪ੍ਰਬੰਧਕਾਂ ਨੇ ਕੁਝ ਨਿਯਮਾਂ ਵਿੱਚ ਬਦਲਾਅ ਕੀਤਾ ਹੈ।

ਨਵੇਂ ਨਿਯਮਾਂ ਦੇ ਹੇਠ ਡੋਨਾਲਡ ਟਰੰਪ ਆਪਣੇ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਨਾਲ ਬਹਿਸ ਵਿੱਚ ਟੋਕਾ-ਟਾਕੀਨਹੀਂ ਕਰ ਸਕਣਗੇ। ਅਜਿਹਾ ਕਰਨ ਉੱਤੇ ਮਾਈਕ੍ਰੋਫੋਨ ਬੰਦ ਕਰ ਦਿੱਤਾ ਜਾਏਗਾ। ਟਰੰਪ ਨੇ ਇਨ੍ਹਾਂ ਨਿਯਮਾਂ ’ਤੇ ਇਤਰਾਜ਼ ਕੀਤਾ ਹੈ ਅਤੇ ਇਨ੍ਹਾਂ ਨੂੰ ਬੇਲੋੜਾ ਕਰਾਰ ਦਿੱਤਾ ਹੈ। ਇਸ ਦੇ ਬਾਵਜੂਦ ਉਹ ਬਿਡੇਨ ਦੇ ਨਾਲ ਪ੍ਰੈਜ਼ੀਡੈਂਸ਼ੀਅਲ ਡਿਬੇਟ ਵਿੱਚ ਹਿੱਸਾ ਲੈਣ ਨੂੰ ਤਿਆਰ ਹਨ।ਦੂਸਰੀ ਵਾਰ ਰਾਸ਼ਟਰਪਤੀ ਬਣਨ ਦੇ ਲਈ ਚੋਣ ਮੈਦਾਨ ਵਿੱਚ ਉਤਰੇ 74 ਸਾਲਾ ਡੋਨਾਲਡ ਟਰੰਪ ਅਤੇ 77 ਸਾਲ ਦੇ ਜੋਅ ਬਿਡੇਨ ਦੇ ਵਿਚਕਾਰ ਬੇਲਮੌਂਟ ਯੂਨੀਵਰਸਿਟੀ ਵਿੱਚ ਵੀਰਵਾਰ ਨੂੰ ਬਹਿਸ ਹੋਵੇਗੀ। ਰਾਸ਼ਟਰਪਤੀ ਅਹੁਦੇ ਦੇ ਦੋਵਾਂ ਉਮੀਦਵਾਰਾਂ ਵਿਚਕਾਰ ਪਹਿਲੀ ਬਹਿਸ 27 ਸਤੰਬਰ ਨੂੰ ਹੋਈ ਸੀ, ਜਦ ਕਿ 15 ਅਕਤੂਬਰ ਨੂੰ ਹੋਣ ਵਾਲੀ ਦੂਸਰੀ ਬਹਿਸ ਰੱਦ ਹੋ ਗਈ ਸੀ। ਡਿਬੇਟ ਕਮਿਸ਼ਨ ਨੇ ਸੋਮਵਾਰ ਨੂੰ ਨਵੇਂ ਨਿਯਮਾਂ ਦਾ ਐਲਾਨ ਕੀਤਾ। ਇਸ ਦੇ ਤਹਿਤ ਸ਼ੁਰੂਆਤੀ ਦੋ ਮਿੰਟ ਤੱਕ ਇੱਕ ਨੇਤਾ ਦੇ ਬੋਲਣ ਦੇ ਦੌਰਾਨ ਦੂਸਰੇ ਦਾ ਮਾਈਕ੍ਰੋਫੋਨ ਬੰਦ ਰਹੇਗਾ। ਪਿਛਲੀ ਬਹਿਸ ਦੇ ਦੌਰਾਨ ਕਈ ਵਾਰ ਰੋਕ-ਟੋਕ ਦੇਖਣ ਨੂੰ ਮਿਲੀ ਸੀ।

# ਰੂਸ ਸਾਈਬਰ ਹਮਲਿਆਂ ਦੇ ਦੋਸ਼ਾਂ ਵਿੱਚ ਘਿਰਿਆ

ਟੋਕੀਓ, 21 ਅਕਤੂਬਰ (ਪੋਸਟ ਬਿਊਰੋ)- ਸਾਈਬਰ ਹਮਲਿਆਂ ਦੇ ਲਈ ਰੂਸੀ ਖੁਫੀਆ ਅਫਸਰਾਂ ਨੂੰ ਦੋਸ਼ੀ ਕਰਾਰ ਦੇਣ ਦੇ ਬਾਅਦ ਵਿਵਾਦ ਵਧ ਗਿਆ ਹੈ। ਅਮਰੀਕਾ ਪਿੱਛੋਂ ਬ੍ਰਿਟੇਨ ਅਤੇ ਜਾਪਾਨ ਨੇ ਵੀ ਰੂਸ ਨੂੰ ਸਾਵਧਾਨ ਕੀਤਾ ਹੈ।



ਜਾਪਾਨ ਨੇ 2021 ਵਿੱਚ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਚੌਕਸੀ ਵਰਤਣ ਲਈ ਸਰਗਰਮੀ ਵਧਾ ਦਿੱਤੀ ਅਤੇਕਿਹਾ ਹੈ ਕਿ ਉਹ ਅਗਲੇ ਸਾਲ ਹੋ ਰਹੀਆਂ ਉਲੰਪਿਕ ਖੇਡਾਂ ਵਿੱਚ ਸਾਈਬਰ ਹਮਲਿਆਂ ਤੋਂ ਬਚਣ ਦੇ ਸਾਰੇ ਜ਼ਰੂਰੀ ਪ੍ਰਬੰਧ ਕਰ ਰਿਹਾ ਹੈ। ਅੰਤਰ ਰਾਸ਼ਟਰੀ ਉਲੰਪਿਕ ਕਮੇਟੀ ਨੇ ਵੀ ਕਿਹਾ ਹੈ ਕਿ ਸਾਈਬਰ ਸੁਰੱਖਿਆ ਸਾਡੀਆਂ ਮੁੱਖ ਪਹਿਲ ਵਿੱਚ ਹੈ। ਵਰਨਣ ਯੋਗ ਹੈ ਕਿ ਸੰਸਾਰ ਭਰ ਵਿੱਚ ਸਾਈਬਰ ਹਮਲੇ ਅਤੇ ਹੈਕਿੰਗ ਦੇ ਕੇਸਾਂ ਵਿੱਚ ਨਿਆਂ ਵਿਭਾਗ ਨੇ ਛੇ ਰੂਸੀ ਖੁਫੀਆ ਅਫਸਰਾਂ ਬਾਰੇ ਕਿਹਾ ਹੈ ਕਿ ਰੂਸੀ ਫੌਜ ਦੀ ਖੁਫੀਆ ਏਜੰਸੀ ਜੀ ਆਰ ਯੂ ਦੇ ਯੂਨਿਟ 7445 ਨੇ ਇਹ ਹਮਲੇ ਕੀਤੇ ਹਨ ਅਤੇ ਇਸ ਦੇ ਛੇ ਅਧਿਕਾਰੀ ਸਿੱਧੇ ਤੌਰ ’ਤੇ ਜ਼ਿੰਮੇਵਾਰ ਹਨ। ਰੂਸੀ ਹੈਕਰਾਂ ਦੀ ਇਸੇ ਟੀਮ ਨੇ 2015 ਤੋਂ 2019 ਵਿਚਾਲੇ ਕਈ ਸੰਵੇਦਨਸ਼ੀਲ ਥਾਵਾਂ ’ਤੇ ਸਾਈਬਰ ਹਮਲੇ ਕੀਤੇ ਹਨ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਕੈਮੀਕਲ ਹਥਿਆਰਾਂ ਦੇ ਪਾਬੰਦੀਸ਼ੁਦਾ ਖੇਤਰ ਵਿੱਚ ਸਾਈਬਰ ਹਮਲੇ ਕਰ ਕੇ ਰੂਸ ਨੇ ਘੁੱਸਪੈਠ ਦਾ ਯਤਨ ਕੀਤਾ ਸੀ। ਇਹੀ ਨਹੀਂ, ਰੂਸ ਉੱਤੇ ਅਰਬਾਂ ਡਾਲਰ ਦੇ ਨੁਕਸਾਨ ਅਤੇ ਪੈਨਸਿਲਵੇਨੀਆ ਵਿੱਚ ਸਿਹਤ ਨੈਟਵਰਕ ਦੇ ਨਾਲ ਫਰਾਂਸ ਦੀ ਚੋਣ ਵਿੱਚ ਵੀ ਵਿਘਨ ਪਾਉਣ ਦੇ ਦੋਸ਼ ਹਨ। ਸਾਲ 2016 ਵਿੱਚ ਵੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਤੋਂ ਇੱਕ ਹਫਤਾ ਪਹਿਲਾਂ ਇਸ ਖੁਫੀਆ ਗਰੁੱਪ ਨੇ ਡੈਮੋਕ੍ਰੇਟਿਕ ਪਾਰਟੀ ਦੇ ਈ-ਮੇਲ ਇੰਟਰਨੈਟ ’ਤੇ ਹਮਲੇ ਕੀਤੇ ਸਨ। ਓਦੋਂ ਇਹ ਸਾਈਬਰ ਹਮਲੇ ਸਭ ਤੋਂਵੱਧ ਖਤਰਨਾਕ ਅਤੇ ਨੁਕਸਾਨਦੇਹ ਮੰਨੇ ਗਏ ਸਨ। ਯਾਹੂ ਨੂੰ ਵੀ ਰੂਸ ਨੇ ਆਪਣਾ ਨਿਸ਼ਾਨਾ ਬਣਾਇਆ ਸੀ ਅਤੇ ਇਨ੍ਹਾਂ ਹੈਕਰਾਂ ਨੇ 2018 ਵਿੱਚ ਦੱਖਣੀ ਕੋਰੀਆ ਵਿੱਚ ਹੋਈਆਂ ਵਿੰਟਰ ਓਲੰਪਿਕ ਖੇਡਾਂ ਵਿੱਚ ਵੀ ਸਾਫਟਵੇਅਰ ’ਤੇ ਹਮਲਾ ਕਰ ਕੇ ਡਾਟਾ ਨੂੰ ਨੁਕਸਾਨ ਪੁਚਾਇਆ ਸੀ।

ਦੂਸਰੇ ਪਾਸੇ ਮਾਸਕੋ ਵਿੱਚ ਰੂਸ ਦੀ ਸਰਕਾਰ ਦੇ ਇੱਕ ਬੁਲਾਰੇ ਦਿਮਿਤ੍ਰੀ ਪੇਸਕੋਵ ਨੇ ਇਨ੍ਹਾਂ ਸਾਰੇ ਕਿਸਮ ਦੇ ਦੋਸ਼ਾਂ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਇਹ ਸਿਰਫ ਰੂਸੀ ਫੋਬੀਆ ਹੈ।

# ਯੂ ਐੱਨ ਵੱਲੋਂ ਭਾਰਤ ਵਿੱਚ ਸਮਾਜਕ ਕਾਰਕੁਨਾਂ ਦੀ ਗ੍ਰਿਫਤਾਰੀ ’ਤੇ ਚਿੰਤਾ



ਜਨੇਵਾ, 21 ਅਕਤੂਬਰ (ਪੋਸਟ ਬਿਊਰੋ)- ਯੂ ਐੱਨ ਦੇ ਮਨੁੱਖੀ ਅਧਿਕਾਰਾਂ ਬਾਰੇ ਹਾਈ ਕਮਿਸ਼ਨਰ ਮਿਸ਼ੇਲ ਬਾਚੇਲੈ ਨੇ ਭਾਰਤ ਵਿੱਚ ਗੈਰ ਸਰਕਾਰੀ ਸੰਸਥਾਵਾਂ ਨੂੰ ਵਿਦੇਸ਼ਾਂ ਵਿੱਚੋਂ ਚੰਦਾ ਭੇਜਣ ’ਤੇ ਰੋਕ ਅਤੇ ਸਮਾਜਕ ਕਾਰਕੁੰਨਾਂ ਦੀ ਗ੍ਰਿਫਤਾਰੀ ’ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਦੇ ਰਖਵਾਲਿਆਂ ਤੇ ਗੈਰ ਸਰਕਾਰੀ ਸੰਸਥਾਵਾਂ ਦੇ ਹੱਕਾਂ ਦੀ ਰਾਖੀ ਕਰਨ ਦੀ ਅਪੀਲ ਕੀਤੀ ਹੈ।

ਸ੍ਰੀਮਤੀ ਬਾਚੇਲੈ ਨੇ ਕਿਹਾ ਕਿ ਭਾਰਤ ਵੱਡੀ ਆਬਾਦੀ ਵਾਲਾ ਦੇਸ਼ ਹੈ, ਜਿੱਥੇ ਲੋਕ ਦੇਸ਼ ਵਿੱਚ ਤੇ ਵਿਸ਼ਵ ਪੱਧਰ ’ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਖੜੋਂਦੇ ਹਨ, ਪਰ ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਭਾਰਤ ਵਿੱਚ ਕਾਨੂੰਨ ਦੀ ਵਰਤੋਂਇਨ੍ਹਾਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਾਸਤੇ ਕੀਤੀ ਜਾ ਰਹੀ ਹੈ। ਇਸ ਬਾਰੇ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰ-ਾਗ ਸ੍ਰੀਵਾਸਤਵ ਨੇ ਕਿਹਾ, ਫੌਰਨ ਕੰਟਰੀਬਿਊਸ਼ਨ ਰੈਗੂਲੇਸ਼ਨ ਐਕਟ (ਐਫ ਸੀ ਆਰ ਏ) ਦੇ ਬਾਰੇ ਯੂ ਐਨ ਹਾਈ ਕਮਿਸ਼ਨਰ ਦੀ ਟਿੱਪਣੀ ਉਨ੍ਹਾਂ ਦੇ ਧਿਆਨ ਵਿੱਚ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਆੜ ਹੇਠ ਕਾਨੂੰਨ ਦੀ ਉਲੰਘਣਾ ਹੋਣ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ।




# ਯੂ ਏ ਈ ਦੇ ਅਧਿਕਾਰੀ ਪਹਿਲੀ ਵਾਰ ਇਜ਼ਰਾਈਲ ਦੌਰੇ ਲਈ ਗਏ



ਯੇਰੋਸ਼ਲਮ, 21 ਅਕਤੂਬਰ (ਪੋਸਟ ਬਿਊਰੋ)- ਯੂਨਾਈਟਿਡ ਅਰਬ ਅਮੀਰਾਤ (ਯੂ ਏ ਈ) ਦੇ ਸੀਨੀਅਰ ਅਧਿਕਾਰੀਆਂ ਦੇ ਵਫਦ ਨੇ ਇਜ਼ਰਾਈਲ ਦਾ ਦੌਰਾ ਕੀਤਾ ਹੈ। ਦੋਵਾਂ ਦੇਸ਼ਾਂ ਵੱਲੋਂ ਸੰਬੰਧ ਸੁਖਾਵੇਂ ਬਣਾਉਣ ਦੀ ਸਹਿਮਤੀ ਨਾਲ ਅਮੀਰਾਤ ਦੇ ਅਧਿਕਾਰੀਆਂ ਦਾ ਇਹ ਪਹਿਲਾ ਇਜ਼ਰਾਇਲੀ ਦੌਰਾ ਹੈ, ਜਿਸ ਵਿੱਚ ਸਬੰਧ ਹੋਰ ਮਜ਼ਬੂਤ ਬਣਾਉਣ ਲਈ ਕਈ ਦੁਵੱਲੇ ਸਮਝੌਤਿਆਂ ’ਤੇ ਦਸਤਖਤ ਕੀਤੇ ਗਏ ਹਨ। ਆਬੂਧਾਬੀ ਤੋਂ ਤਲ ਅਵੀਵ ਤੱਕ ਇਤਹਾਦ ਏਅਰਵੇਜ਼ ਦੀ ਉਡਾਣ ਵਿੱਚ ਅਮਰੀਕਾ ਦੇ ਵਿੱਤ ਮੰਤਰੀ ਸਟੀਵਨ ਮਨੂਚਿਨ, ਅਮੀਰਾਤ ਦੇ ਵਿੱਤ ਮੰਤਰੀ ਓਬੈਦ ਹੁਮੈਦ ਅਲ-ਤੇਅਰ ਅਤੇ ਅਮਰੀਕਾ ਅਤੇ ਅਮੀਰਾਤ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਇਜ਼ਰਾਈਲ ਦੇ ਕੌਮਾਂਤਰੀ ਹਵਾਈ ਅੱਡੇ ’ਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਲ-ਤੇਅਰ ਅਤੇ ਮਨੂਚਿਨ ਦਾ ਸਵਾਗਤ ਕੀਤਾ। ਇਸ ਮਗਰੋਂ ਇਜ਼ਰਾਈਲ ਅਤੇ ਯੂ ਏ ਈ ਵੱਲੋਂ ਹਵਾਬਾਜ਼ੀ, ਵੀਜ਼ਾ, ਸਾਇੰਸ ਅਤੇ ਨਵੀਆਂ ਖੋਜਾਂ ਸਬੰਧੀ ਕਈ ਦੁਵੱਲੇ ਸਮਝੌਤਿਆਂ ’ਤੇ ਦਸਖਤ ਕੀਤੇ ਗਏ। ਨੇਤਨਯਾਹੂ ਨੇ ਕਿਹਾ, ‘ਅੱਜ ਅਸੀਂ ਇਤਿਹਾਸ ਬਣਾ ਰਹੇ ਹਾਂ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਹੈ। ਅਸੀਂ ਇਸ ਦਿਨ ਨੂੰ ਹਮੇਸ਼ਾ ਯਾਦ ਰੱਖਾਂਗੇ। ਸ਼ਾਂਤੀ ਵਾਲਾ ਮਹਾਨ ਦਿਨ।’ਅਲ-ਤੇਅਰ ਨੇ ਕਿਹਾ, ‘ਅਮੀਰਾਤ ਦੋਵਾਂ ਦੇਸ਼ਾਂ ਦੀ ਆਰਥਿਕ ਖੁਸ਼ਹਾਲੀ ਲਈ ਇਜ਼ਰਾਈਲ ਨਾਲ ਕਾਨੂੰਨੀ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼ ਕਰੇਗਾ।’ ਇਨ੍ਹਾਂ ਦੀ ਮੀਟਿੰਗ ਕੋਰੋਨਾ ਵਾਇਰਸ ਕਾਰਨ ਹਵਾਈ ਅੱਡੇ ’ਤੇ ਹੀ ਹੋਈ। ਦੱਸਣਯੋਗ ਹੈ ਕਿ ਇਜ਼ਰਾਈਲ ਅਤੇ ਯੂ ਏ ਈ ਨੇ ਇਸੇ ਸਾਲ ਅਗਸਤ ਵਿੱਚ ਸਬੰਧ ਸੁਧਾਰਨ ’ਤੇ ਸਹਿਮਤੀ ਪ੍ਰਗਟ ਕੀਤੀ ਸੀ।

# ਪਾਕਿਸਤਾਨੀ ਪਾਰਲੀਮੈਂਟ ਨੇ ਵੀ ਮੰਨਿਆ ਕਿ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਹੁੰਦੈ

ਇਸਲਾਮਾਬਾਦ, 21 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ’ਚ ਲੰਬੇ ਸਮੇਂ ਤੋਂ ਚੱਲ ਰਹੇ ਅੱਤਿਆਚਾਰ ਅਤੇ ਧਰਮ ਪਰਿਵਰਤਨ ਦੇ ਕੇਸਾਂ ਬਾਰੇ ਪਾਕਿਸਤਾਨੀ ਪਾਰਲੀਮੈਂਟ ਨੇ ਵੀ ਮੰਨ ਲਿਆ ਹੈ। ਪਾਰਲੀਮੈਂਟਰੀ ਕਮੇਟੀ ਨੇ ਮੰਨਿਆ ਹੈ ਕਿ ਸਰਕਾਰ ਧਾਰਮਿਕ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਕਰਨ ’ਚ ਪੂਰੀ ਤਰ੍ਹਾਂ ਅਸਫਲ ਰਹੀ ਹੈ।

ਇਸ ਬਾਰੇ ਸੈਨੇਟਰ ਅਨਵਾਰੁਲ ਹੱਕ ਕਾਕਰ ਦੀ ਅਗਵਾਈ ’ਚ ਬਣੀ ਕਮੇਟੀ ਨੇ ਕੁਝ ਸਮਾਂ ਪਹਿਲਾਂ ਜਬਰੀ ਧਰਮ ਪਰਿਵਰਤਨ ਦੇ ਕੇਸਾਂ ਬਾਰੇ ਸਿੰਧ ਪ੍ਰਾਂਤ ਦੇ ਕਈ ਇਲਾਕਿਆਂ ਦਾ ਦੌਰਾ ਕੀਤਾ ਸੀ। ਇਸ ਖੇਤਰ ’ਚ ਵੱਡੇ ਪੱਧਰ ’ਤੇ ਹਿੰਦੂ ਲੜਕੀਆਂ ਦਾ ਜਬਰੀ ਧਰਮ ਪਰਿਵਰਤਨ ਹੋਣ ਦੀਆਂ ਘਟਨਾਵਾਂ ਹੁੰਦੀਆਂ ਹਨ। ਪਾਰਲੀਮੈਂਟਰੀ ਕਮੇਟੀ ਦੇ ਪ੍ਰਧਾਨ ਕਾਕਰ ਨੇ ਸਿੰਧ ਪ੍ਰਾਂਤ ਦੇ ਇਨ੍ਹਾਂ ਇਲਾਕਿਆਂ ਦਾ ਦੌਰਾ ਕਰਨ ਪਿੱਛੋਂ ਆਪਣੀ ਜਾਂਚ ਦੇ ਸਿੱਟੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਸਾਫ ਤੌਰ ’ਤੇ ਮੰਨਿਆ ਕਿ ਸਰਕਾਰ ਨੇ ਜ਼ਬਰਦਸਤੀ ਧਰਮ ਪਰਿਵਰਤਨ ਦੇ ਕੇਸਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਨਹੀਂ ਨਿਭਾਈ ਅਤੇ ਇਨ੍ਹਾਂਘਟਨਾਵਾਂ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਬਹੁਤੇ ਮਾਮਲੇ ਸਿੱਧੇ ਧਰਮ ਪਰਿਵਰਤਨ ਦੇ ਹਨ। ਕੁਝ ਕੇਸਾਂ ਵਿੱਚ ਦਲੀਲ ਦਿੱਤੀ ਗਈ ਕਿ ਇਹ ਕੰਮ ਇਨ੍ਹਾਂ ਲੜਕੀਆਂ ਦੇ ਜੀਵਨ ਪੱਧਰ ’ਚ ਸੁਧਾਰ ਲਈ ਕੀਤਾ ਗਿਆ, ਪਰ ਇਹ ਮੰਨਿਆ ਨਹੀਂਜਾ ਸਕਦਾ। ਆਰਥਿਕ ਆਧਾਰ ਜਾਂ ਲਾਲਚ ਦੇ ਕੇ ਕੀਤਾ ਗਿਆ ਕੰਮ ਵੀ ਜ਼ਬਰਦਸਤੀ ਧਰਮ ਪਰਿਵਰਤਨ ਦੀ ਸ਼੍ਰੇਣੀ ਵਿੱਚ ਹੀ ਆਉਂਦਾ ਹੈ।ਇਨ੍ਹਾਂ ਘਟਨਾਵਾਂ ਦਾ ਸ਼ਰਮਨਾਕ ਪਹਿਲੂ ਹੈ ਕਿ ਅਜਿਹੇ ਵਹਿਸ਼ੀ ਕੰਮ ਕਰਨ ਵਾਲੇ ਇਨ੍ਹਾਂ ਲੜਕੀਆਂ ਦੇ ਪਰਵਾਰ ਵਾਲਿਆਂ ਦੇ ਦਰਦ ਤੇ ਸਨਮਾਨ ਦਾ ਵੀ ਖਿਆਲ ਨਹੀਂ ਰੱਖ ਰਹੇ।

ਪਾਰਲੀਮੈਂਟਰੀ ਕਮੇਟੀ ਦਾ ਮੰਨਣਾ ਹੈ ਕਿ ਇਨ੍ਹਾਂ ਕੇਸਾਂ ਦੇ ਪੀੜਤ ਪਰਵਾਰਾਂ ਦਾ ਭਰੋਸਾ ਜਿੱਤਣਾ ਸਾਰਿਆਂ ਦੇ ਲਈ ਬਹੁਤ ਜ਼ਰੂਰੀ ਹੈ। ਇਸ ਬਾਰੇ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਜਿੱਥੇ ਹਿੰਦੂ ਲੜਕੀਆਂ ਦਾ ਜਬਰੀ ਧਰਮ ਪਰਿਵਰਤਨ ਕਰਵਾਇਆ ਜਾਂਦਾ ਹੈ, ਉਥੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਿਯਮਾਂ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ। ਕਿਸੇ ਲੜਕੀ ਦੇ ਵਿਆਹ ਵਿੱਚ ਉਸ ਦੇ ਮਾਤਾ ਪਿਤਾ ਜਾਂ ਸਰਪ੍ਰਸਤ ਦੀ ਹਾਜ਼ਰੀ ਅਤੇ ਰਜ਼ਾਮੰਦੀ ਜ਼ਰੂਰੀ ਹੋਣੀ ਚਾਹੀਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੂੰ ਜਬਰੀ ਤੇ ਸਹਿਮਤੀ ਵਾਲੇ ਵਿਆਹ ’ਚ ਦਾ ਫਰਕਵੀ ਸਮਝਣਾ ਚਾਹੀਦਾ ਹੈ। ਨਾਬਾਲਗ ਲੜਕੀਆਂ ਦੇ ਕੇਸਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ।ਕਮੇਟੀ ਦੀ ਰਿਪੋਰਟ ਮੁਤਾਬਕ ਬਹੁਤੇ ਮਾਮਲੇ ਸੰਗਰ, ਘੋਟਕੀ, ਸੁਕੂਰ, ਖੈਰਪੁਰ, ਮੀਰਪੁਰ ਖਾਸ ਤੇ ਖੈਬਰ ਪਖਤੂਨਖਵਾ ਦੇ ਹਨ।

ਸੋਸ਼ਲ ਵਰਕਰ ਕ੍ਰਿਸ਼ਨ ਸ਼ਰਮਾ ਨੇ ਕਿਹਾ ਕਿ ਹਿੰਦੂ ਲੜਕੀਆਂ ਦੇ ਜਬਰੀ ਧਰਮ ਪਰਿਵਰਤਨ ’ਚ ਦੋ ਤਰ੍ਹਾਂ ਦੇ ਕੇਸ ਮਿਲਦੇ ਹਨ। ਇਨ੍ਹਾਂ ’ਚੋਂ ਪਹਿਲੇ ਕੇਸ ਅਗਵਾ ਕਰਨ ਤੇ ਨਾਜਾਇਜ਼ ਤੌਰ ’ਤੇ ਰੱਖਣ ਦੇ ਹਨ। ਦੂਸਰੇ ਮਾਮਲੇ ਹੋਰ ਗੰਭੀਰ ਹਨ। ਇਨ੍ਹਾਂ ਵਿੱਚ ਤੈਅ ਪ੍ਰਕਿਰਿਆ ਹੇਠ ਕੰਮ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਦੇਸ਼ ਦਾ ਪੂਰਾ ਸਿਸਟਮ ਸ਼ਾਮਲ ਹੈ। ਪੁਲਸ ਤੋਂ ਲੈ ਕੇ ਅਦਾਲਤ ਤੱਕ ਨਿਯਮਾਂ ਦੀ ਉਲੰਘਣਾ ਕਰ ਕੇ ਧਰਮ ਪਰਿਵਰਤਨ ਕਰਵਾਉਣ ਵਾਲਿਆਂ ਦੀ ਮਦਦ ਕਰਦੇ ਹਨ।

























**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com










# ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

# ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

# ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

# ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canda as the opportune prevail. Please contact (519) 351-8043 or B200348@gmail.com"

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654










Ride Ontario's
Heritage Railway
SPECIAL RIDES
FALL COLOURS TOURS
Starts From Sep 27
Reservation only
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ
ਯਾਨੀ ਪਤਝੜ (Falls) ਦਾ ਇਸ ਵਾਰੀ Beeton
Creek Valley ਵਿੱਚ South Simcoe ਦੀ
Heritage Train ਰਾਹੀਂ ਆਪਣੇ ਪਰਿਵਾਰ
ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815
VISA
MasterCard
Interac


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

